ੴ

# ਸਤਿਨਾਮ ਸ੍ਰੀ ਵਾਹਿਗੁਰੂ



ਸ਼੍ਰੀ ਜਗਦਗੁਰੂ

# ਭਗਵਾਨ ਸ਼੍ਰੀ ਚੰਦ੍ਰ ਜੀ ਮਹਾਰਾਜ

ਦਾ

# ਮਾਤ੍ਰਾ ਸਾਹਿਬ ਜੀ

ਕਹੁ ਰੇ ਬਾਲੇ ਕਿਨ ਮੂੰਡਿਆ,
ਕਿਨ ਮੂੰਡਾਇਆ ॥
ਕਿਸ ਕਾ ਭੇਜਿਆ, ਨਗਰੀ ਆਇਆ ॥
ਸਤਿਗੁਰ ਮੂੰਡਿਆ, ਲੇਖ ਮੂੰਡਾਇਆ॥
ਗੁਰ ਕਾ ਭੇਜਿਆ, ਨਗਰੀ ਆਇਆ॥

ਚੇਤੋ ਨਗਰੀ, ਤਾਰੋ ਗਾਮ ॥
ਅਲਖ ਪੁਰਖ ਕਾ, ਸਿਮਰੋ ਨਾਮ ॥

ਗੁਰ ਅਵਿਨਾਸ਼ੀ ਖੇਲ ਰਚਾਇਆ ॥
ਅਗਮ ਨਿਗਮ ਕਾ ਪੰਥ ਬਤਾਇਆ ॥੧॥

ਗਿਆਨ ਕੀ ਗੋਦੜੀ ਖਿਮਾ ਕੀ ਟੋਪੀ ॥
ਜਤ ਕਾ ਆੜਬੰਦ ਸ਼ੀਲ ਲੰਗੋਟੀ ॥੨॥

ਅਕਾਲ ਖਿੰਥਾ ਨਿਰਾਸ ਝੋਲੀ ॥
ਜੁਗਤ ਕਾ ਟੋਪ ਗੁਰਮੁਖੀ ਬੋਲੀ ॥੩॥

ਧਰਮ ਕਾ ਚੋਲਾ ਸਤ ਕੀ ਸੇਲੀ ॥
ਮਰਯਾਦ ਮੇਖਲੀ ਲੈ ਗਲੇ ਮੇਲੀ ॥੪॥

ਧਿਆਨ ਕਾ ਬਟੂਆ ਨਿਰਤ ਕਾ ਸੂਈ ਦਾਨ॥
ਬ੍ਰਹਮ ਅੰਚਲਾ ਲੈ ਪਹਿਰੇ ਸੁਜਾਨ ॥੫॥

ਬਹੁ ਰੰਗ ਮੋਰ ਛੜ ਨਿਰਲੇਪ ਦ੍ਰਿਸਟੀ ॥
ਨਿਰਭਉ ਜੰਗ ਡੋਰਾ ਨਾ ਕੋ ਦੁਸ਼ਟੀ ॥੬॥

ਜਾਪ ਜੰਗੋਟਾ ਸਿਫ਼ਤ ਉਡਾਨੀ ॥
ਸਿੰਙੀ ਸ਼ਬਦ ਅਨਾਹਦ ਗੁਰਬਾਣੀ ॥੭॥

ਸ਼ਰਮ ਕੀ ਮੁੰਦ੍ਰਾ, ਸ਼ਿਵ ਵਿਭੂਤਾ ॥
ਹਰਿ ਭਗਤ ਮ੍ਰਿਗਾਨੀ ਲੈ ਪਹਿਰੇ ਗੁਰਪੂਤਾ॥੮॥

ਸੰਤੋਖ ਸੂਤ ਵਿਵੇਕ ਧਾਗੇ ॥
ਅਨੇਕ ਟੱਲੀ ਤਾਹਿ ਲਾਗੇ ॥੯॥

ਸੁਰਤ ਕੀ ਸੂਈ ਲੈ ਸਤਿਗੁਰ ਸੀਵੇ ॥
ਜੋ ਰਾਖੇ ਸੋ ਨਿਰਭਉ ਬੀਵੇ ॥੧੦॥

ਸਾਹ, ਸੁਪੈਦ, ਜਰਦ, ਸੁਰਖਾਈ ॥
ਜੋ ਲੈ ਪਹਿਰੇ ਸੋ ਗੁਰਭਾਈ ॥੧੧॥

ਤ੍ਰੈਗੁਣ ਚਕਮਕ ਅਗਨ ਮਥ ਪਾਈ ॥
ਦੁਖ ਸੁਖ ਧੂਣੀ ਦੇਹ ਜਲਾਈ ॥੧੨॥

ਸੰਜਮ ਕ੍ਰਿਪਾਲੀ ਸੋਭਾ ਧਾਰੀ ॥
ਚਰਨ ਕੰਵਲ ਮਹਿ ਸੁਰਤ ਹਮਾਰੀ ॥੧੩॥

ਭਾਉ ਭੋਜਨ ਅੰਮ੍ਰਿਤ ਕਰ ਪਾਇਆ ॥
ਭਲਾ ਬੁਰਾ ਨਹੀਂ ਮੰਨ ਵਸਾਇਆ ॥੧੪॥

ਪਾਤਰ ਵਿਚਾਰ ਫਰੂਆ ਬਹੁ ਗੁਣਾ ॥
ਕਰਮੰਡਲ ਤੂੰਬਾ ਕਿਸ਼ਤੀ ਘਣਾ ॥੧੫॥

ਅੰਮ੍ਰਿਤ ਪਿਆਲਾ ਉਦਕ ਮਨ ਦਇਆ ॥
ਜੋ ਪੀਵੇ ਸੋ ਸੀਤਲ ਭਇਆ ॥੧੬॥

ਇੜਾ ਮੇਂ ਆਵੈ ਪਿੰਗਲਾ ਮੈਂ ਧਾਵੈ ॥
ਸੁਖਮਨਾ ਕੇ ਘਰ ਸਹਿਜ ਸਮਾਵੈ ॥੧੭॥

ਨਿਰਾਸ ਮੱਠ ਨਿਰੰਤਰ ਧਿਆਨ ॥
ਨਿਰਭਉ ਨਗਰੀ ਗੁਰ ਦੀਪਕ ਗਿਆਨ ॥੧੮॥

ਅਸਥਿਰ ਰਿੱਧ ਅਮਰਪਦ ਦੰਡਾ ॥
ਧੀਰਜ ਫਹੁੜੀ ਤਪ ਕਰ ਖੰਡਾ ॥੧੯॥

ਵਸ ਕਰ ਆਸਾ ਸਮ ਦ੍ਰਿਸ਼ਟ ਚੌਗਾਨ ॥
ਹਰਖ ਸੋਗ ਮਨਿ ਮਹਿ ਨਹੀਂ ਆਨ ॥੨੦॥

ਸਹਿਜ ਵੈਰਾਗੀ ਕਰੇ ਵੈਰਾਗ ॥
ਮਾਯਾ ਮੋਹਣੀ ਸਗਲ ਤਿਆਗ ॥੨੧॥

ਨਾਮ ਕੀ ਪਾਖਰ ਪਵਨ ਕਾ ਘੋੜਾ ॥
ਨਿਹ ਕਰਮ ਜੀਨ ਤਤ ਕਾ ਜੋੜਾ ॥੨੨॥

ਨਿਰਗੁਣ ਢਾਲ ਗੁਰ ਸ਼ਬਦ ਕਮਾਨ ॥
ਅਕਲ ਸੰਜੋਯ ਪ੍ਰੀਤ ਕੇ ਬਾਨ ॥੨੩॥

ਅਕਲ ਕੀ ਬਰਛੀ ਗੁਣਾਂ ਕੀ ਕਟਾਰੀ ॥
ਮਨ ਕੋ ਮਾਰ ਕਰੋ ਅਸਵਾਰੀ ॥੨੪॥

ਬਿਖਮ ਗੜ੍ਹ ਤੋੜ ਨਿਰਭਉ ਘਰ ਆਵੈ ॥
ਨੌਬਤ ਸੰਖ ਨਗਾਰਾ ਵਾਵੈ ॥੨੫॥

ਗੁਰ ਅਬਿਨਾਸੀ ਸੂਖਮ ਵੇਦ ॥
ਨਿਰਬਾਣ ਵਿਦਿਯਾ ਅਪਾਰ ਭੇਦ ॥੨੬॥

ਅਖੰਡ ਜਨੇਊ ਨਿਰਮਲ ਧੋਤੀ ॥
ਸੋਹੰ ਜਾਪ ਸਚ ਮਾਲ ਪਰੋਤੀ ॥੨੭॥

ਸਿਖਿਆ ਗੁਰ ਮੰਤਰ ਗਾਇਤ੍ਰੀ ਹਰਿਨਾਮ॥
ਨਿਹਚਲ ਆਸਨ ਕਰ ਬਿਸਰਾਮ ॥੨੮॥

ਤਿਲਕ ਸੰਪੂਰਨ ਤਰਪਣ ਜਸ ॥
ਪੂਜਾ ਪ੍ਰੇਮ ਭੋਗ ਮਹਾ ਰਸ ॥੨੯॥

ਨਿਰਵੈਰ ਸੰਧਿਆ ਦਰਸ਼ਨ ਛਾਪਾ ॥
ਵਾਦ ਵਿਵਾਦ ਮਿਟਾਵੇ ਆਪਾ ॥੩੦॥

ਪੀਤ ਪੀਤਾਂਬਰ ਮਨ ਮ੍ਰਿਗਸ਼ਾਲਾ ॥
ਚੀਤ ਚੀਤਾਂਬਰ ਰੁਣ ਝੁਣ ਮਾਲਾ॥੩੧॥

ਬੁਧ ਬਾਘੰਬਰ ਕੁਲਾ ਪੋਸਤੀਨ ॥
ਖੌਸ ਖੜਾਵਾਂ ਏਹ ਮਤਿ ਲੀਨ ॥੩੨॥

ਤੋੜਾ ਚੂੜਾ ਔਰ ਜੰਜੀਰ ॥
ਲੈ ਪਹਿਰੇ ਨਾਨਕ ਸ਼ਾਹ ਫਕੀਰ ॥੩੩॥

ਜਟਾ ਜੂਟ ਮੁਕਟ ਸਿਰ ਹੋਇ ॥
ਮਕਤਾ ਫਿਰੇ ਬੰਧਨ ਨਹੀਂ ਕੋਇ॥੩੪॥

ਨਾਨਕ ਪੂਤਾ ਸ਼੍ਰੀ ਚੰਦ ਬੋਲੇ ॥
ਜੁਗਤ ਪਛਾਣੇ ਤਤਿ ਵਿਰੋਲੇ ॥੩੫॥

ਐਸੀ ਮਾਤ੍ਰਾ ਲੈ ਪਹਿਰੇ ਕੋਇ ॥
ਆਵਾ ਗਵਨ ਮਿਟਾਵੇ ਸੋਇ ॥੩੬॥

ਇਤ ਸ਼੍ਰੀ ਮਾਤ੍ਰਾ ਆਨੰਦ ਕੰਦ ਸ਼੍ਰੀ ਚੰਦ੍ਰ ਜੀ ਭਗਵਾਨ ਦਾ
ਸੰਪੂਰਣੰ ਪੜ੍ਹੰਤੇ ਸੁਣੰਤੇ ਮੋਖ ਮੁਕਤ ਲਹੰਤੇ ॥

ਸ਼੍ਰੀ ਬਾਬੇ ਜੀ ਕੇ ਚਰਨ ਕਮਲੋਂ ਮੇਂ
ਨਮਸਤੰ ਨਮਸਤੇ ਨਮਸਤੰ ਨਮਸਤੇ ॥

੧ਓ ਸਤਿਨਾਮ ਸ੍ਰੀ ਵਾਹਿਗੁਰੂ

ਏਹ ਆਰਤਾ ਸਾਹਿਬ ਭਗਵਾਨ ਬਾਬਾ ਸ੍ਰੀ ਚੰਦ ਜੀ ਮਹਾਰਾਜ ਨੇ ਆਪਣੇ ਪੂਜਨੀਕ ਪਿਤਾ ਗੁਰੂ ਨਾਨਕ ਸਾਹਿਬ ਦੀ ਉਸਤੱਤ ਵਿਚ ਉਚਾਰਨ ਕੀਤਾ ਅਤੇ ਫਰਮਾਇਆ।

ਜੋ ਜਨ ਏਹ ਆਰਤਾ ਗਾਏ ਗਾ, ਉਹਦਾ ਬੇਕੁੰਠ ਵਿਚ ਵਾਸਾ ਹੋਵੇਗਾ ਅਤੇ ਪਰਮਗਤ ਪਾਵੇਗਾ।

ਆਰਤਾ ਕੀਜੇ ਨਾਨਕ ਸ਼ਾਹ ਪਾਤਸ਼ਾ ਕਾ
ਹਰਿ ਹਰਿ ਦੀਨ ਦੁਨੀਆ ਕੇ ਸ਼ਹਨ ਸ਼ਾਹ ਕਾ

1. ਚਾਰ ਕੂੰਟ ਜਾਕੀ ਧਰਮਸ਼ਾਲਾ
ਸੰਗਤ ਗਾਵੇ ਸ਼ਬਦ ਰਸਾਲਾ ......... ਆਰਤਾ ਕੀਜੇ ............

2. ਕੋਟ ਦੇਵੀ ਜਾਕੀ ਜੋਤ ਜਗਾਵੇ
ਕੋਟ ਤੇਤੀਸ ਜਾਕੀ ਉਸਤੱਤ ਗਾਵੇ ...............

3. ਛਿਨਵੇ ਕਰੋੜ ਜਾਕੇ ਚਰਨ ਪਖਾਰੇ
ਚੰਦ ਸੂਰਜ ਜਾਕੀ ਜੋਤ ਉਜਾਲੇ ...............

4. ਭਾਰ ਅਠਾਰਹਿ ਜਾਕੀ ਪਹੁਪ ਕੀ ਮਾਲਾ
ਪਰਮ ਜੋਤ ਸਤਿਗੁਰ ਦੀਨ ਦਯਾਲਾ..............

5. ਪਵਨ ਰਇ ਜਾਕਉ ਚਵਰ ਝੁਲਾਵੇ
ਰਿਖਿ ਮੁਨੀ ਜਾਕਉ ਧਿਆਨ ਲਗਾਵੇ..............

6. ਪੰਜ ਪਰਵਾਨ ਹੈ ਸਤਿਗੁਰ ਪੂਰਾ
ਬਾਜੇ ਸ਼ਬਦ ਅਨਾਹਦ ਤੂਰਾ..............

7. ਘੰਟਾ ਬਾਜੇ ਧੁਨ ਉਅੰਕਾਰਾ
ਅਧਰ ਅਖੰਡ ਜਾਕੋ ਝਿਲਮਿਲ ਕਾਰਾ..............

8. ਸਤਿਨਾਮ ਹੈ ਸੋਂਸਾਰਾ
ਨਾਨਕ ਨਾਮ ਸੰਤਨ ਅਧਾਰਾ..............

9. ਸ੍ਰੀ ਚੰਦ ਬਖਾਨ ਸਤਿਗੁਰ ਨਾਨਕ ਪੂਤਾ
ਅਗਮ ਅਗਾਧ ਅਡੋਲ ਅਵਧੂਤਾ..............

10. ਜੋ ਜਨ ਨਾਨਕ ਸ਼ਾਹ ਕਾ ਆਰਤਾ ਗਾਵੇ
ਬਸੇ ਬੈਕੁੰਠ ਪ੍ਰਮ ਗਤ ਪਾਵੇ..............

11. ਸਰਨ ਪਰੇ ਕੀ ਰਾਖ ਦਿਆਲਾ
ਨਾਨਕ ਤੁਮਰੇ ਬਾਲ ਗੁਪਾਲਾ..............

ੴ ਸਤਿਗੁਰ ਪ੍ਰਸਾਦਿ॥

# ਅਥ ਗੁਰੂ ਗਾਇਤ੍ਰੀ ਕਥਨੰ॥

॥ਪ੍ਰਿਥਮ ਧਿਆਨ॥

ਉਅੰ ਸੋਹੰ ਪਰਮਹੰਸ ਅਖੰਡ ਸਚਦਾਨੰਦ ਤੁਰੀਆ ਪਦੰ ਨਮ: ਪਰਮਾਤਮੇ ਨਮਸਕਾਰੰ॥ ਓਅੰ ਹਰੀ ਹਰ ਬ੍ਰਹਮਾਏ ਨਮ: ਇਤੀ ਪਰਮ ਹੰਸ ਮੰਤ੍ਰ ਸਮਾਪਤੰ॥ "ਅਥ ਅਵਾਵਹਿਨ" ਓਅੰ ਹਰੀ ਹਰ ਬ੍ਰਹਮਾਏ ਨਮ: ਇਤੀ ਪਰਮ ਹੰਸ ਮੰਤ੍ਰ ਸਮਾਪਤੰ॥ "ਅਥ ਅਵਾਵਹਿਨ" ਓਅੰ ਅਸਜਾ ਸ੍ਰੀ ਮਹਾ ਜਪ ਅਮ੍ਰਿਤੰਤ੍ਰ ਮਾਲਾ ਮੰਤ੍ਰਸਜਾ॥ਨਾਰਾਇਣ ਰਿਸੀ॥ ਗਾਇਤ੍ਰੀ ਛੰਦੰ॥ਸ੍ਰੀ ਗਰੂ ਨਾਨਕ ਨਿਰੰਕਾਰ ਦੇਵਤਾ ਸਰਵੇਸਟ ਪ੍ਰਸਿਧ ਅਰਥੇ ਜਪੇ ਵਿਨਯੋਗਾ॥

ਅਥ ਆਰੰਭ - ਉਅੰ ਸਤਿਨਾਮੁ ਇਤੀ ਵੀਜੰ॥ ਓਅੰ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ॥ ਅਜੂਨੀ ਸੈਭੰ॥ ਇਤੀ ਸਕਤੀ॥ ਓਅੰ ਗੁਰਪ੍ਰਸਾਦਿ ਇਤੀ ਕੀਲਕੰ॥

ਅਥ ਕਰਨ ਨਿਆਸਾ-ਓਅੰ ਸਤਿਨਾਮੁ ਐਗੁਸਟਕਾ ਭਿਸੰ ਨਮ: ਓਅੰ ਮਹਾ ਕਰਤਾ ਤਰਜਨੀ ਭਿਯੰ ਨਮ: ਓਮੈ ਮਹਾਪੁਰਖਾ ਮਧਮਾ ਭਿਸੰ ਨਮ: ਓਅੰ ਨਿਰਭਉ ਅਨਾਮਕਾ ਭਿਯੰ ਨਮ: ਓਅੰ ਨਿਰਵੈਰ ਕਨਿਸਟਕਾ ਭਿਯੰ ਨਮ:ਓਅੰ ਅਕਾਲ ਮੂਰਤੀ ਕੁਰਪੰ ਪਾਦਾਦੀ ਮਸਤਕਾ ਵੰਧੀ ਭਿਅੰ ਨਮ: ਇਤੀ ਕਰਨ ਨਿਆਸਾ॥

ਅਥ ਹਿਰਦੇ ਨਿਆਸਾ -ਉਅੰ ਸਤਿਨਾਮ ਹਿਰਦਿਯਾਏ ਨਮ:॥ ਉਅੰ ਮਹਾਂ ਪੁਰਖਾ ਸਿਖਾਯੈਵ ਖਟ॥ ਓਅੰ ਨਿਰਭਉ ਕਵਿਚਾ ਹਯੋ॥ ਉਅੰ ਨਿਰਵੈਰ ਨੇਤ੍ਰਾਤਿਉ॥ ਉਅੰ ਅਕਾਲ ਮੂਰਤੀ ਕੁਰਪੰ ਪਾਦਾਦੀ ਮਸਤਕਾ ਵੰਧੀ ਭਿਯੰ ਨਮ:। ਉਅੰ ਅਜੂਨੀ ਮਣੀ ਬੰਧ ਮਸਤਕਾ ਚਰਣਾ ਵੰਧੀ ਨਮ:॥ ਉਅੰ ਅਜੂਨੀ ਮਣੀ ਬੰਧ ਮਸਤਕਾ ਚਰਣਾ ਵੰਧੀ ਨਮ:॥ ਉਅੰ ਸੈਭੰ ਇਸਤਰਾਏ ਫਟ॥ ਇਤੀ ਹਿਰਦੇ ਨਿਆਸਾ॥

ਅਥ ਪਾਦ ਨਿਆਸਾ ਕਵਚੰ-ਉਅੰ ਸਤਿ ਪਾਦਉ: ਉਅੰ ਨਾਮ ਜੰਘੇ।



ਉਅੰ ਕਰਤਾ ਕਟੀ ਉਅੰ ਪੁਰਖ ਨਾਭਉ॥ਉਅੰ ਨਿਰਭਉ ਹਿਰਦੇ ਉਅੰ ਨਿਰਵੈਰ ਕੰਠੇ॥ ਉਅੰ ਅਕਾਲ ਨਾਸਕਾ ਅਗ੍ਰੇ ਉਅੰ ਮੂਰਤੀ ਨੇਤ੍ਰੇਤ੍ਰਿਉ॥ ਉਅੰ ਅਜੂਨੀ ਲਿਲਾਟੇ ਉਅੰ ਸੈਭੰ ਸ੍ਰਿ ਸ੍ਰਿ॥ ਇਤੀ ਕਵਚ:॥

ਅਥ ਧਿਆਨਾ- ਉਅੰ ਸਤਿਯੰ ਸਤਿਯੰ ਮਹਾ ਸਤਿਯੰ ਮਹ ਸਤਿਯੰ ਸੁਰੇਸ੍ਵਰਾ ਯਗ ਆਦੰ॥ ਯਗ ਪੁਰਸੰਚਰਵਤਮਾਨਛ ਸਤਤਾ। ਸ੍ਰੀ ਗੁਰੂ ਨਾਨਕੰ ਨਿਰੰਕਾਰੰ ਨਾਰਾਇਣੰ ਨਿਰਗੁਣੰ ਸਰਵਗਯੰ ਸੂਖਮੇ ਸ੍ਰਿਵੰ ਦੇਵਤੇ ਨਮਸਤਤੇ॥ ਇਤੀ ਧਿਆਨੰ॥

ਅਥ ਸਕੰਲਪਜ- ਉਅੰ ਉਅੰ ਉਅੰ ਉਅੰ ਆਕਾਰਣੰ ਸਕਲੰ ਸੁਖ ਸੰਪਦਾ ਨਮਹਾ ਇਤੀ ਸਕੰਲਪਾ॥

ਅਥ ਮੰਤ੍ਰਾ-ਉਅੰ ਆਦਿ ਸਚੁ ਜੁਗਾਦਿ ਸਚੁ ਹੈ ਭਿ ਸਚੁ ਨਾਨਕ ਹੋਸੀ ਭੀ ਸਚੁ ਨਮ: ਇਤੀ ਮੰਤ੍ਰਾ॥

*ਦੋਹਿਰਾ- ਕਹੀ ਗਾਇਤ੍ਰੀ ਗੁਰੂ ਕੀ ਭੇਗ ਸੇਖ ਕੀ ਦਾਇ॥*
*ਨਿਤਨੇਮ ਜੋ ਜਨ ਜਪੇ ਅੰਤ ਪਰਮ ਪਦ ਗਤਿ ਪਾਇ॥ ੨੭॥*

*ਦੋਹਿਰਾ- ਗਾਇਤ੍ਰੀ ਕੇ ਵਿਪਰਾਇ ਕੇ ਪੁਨ ਤਿਸ ਕਾ ਪਰਕਾਰ।*
*ਬਿਨ ਸਤਿਗੁਰ ਲਖ ਹੋਤ ਨਹਿ ਗੁਰ ਤੇ ਪਠ ਰਿਦ ਧਾਰ॥*
*("ਗੁਰ ਗਾਇਤ੍ਰੀ ਮੰਤ੍ਰ ਸਮਾਪਤ"-ਅਗੇ "ਸਹੰਸ੍ਰ ਨਾਮਾ" ਆਰੰਭ ਹੈ)*

**ਨੋਟ** - ਉਕਤ "ਗੁਰ ਗਾਇਤ੍ਰੀ ਮੰਤ੍ਰ ਅਤੇ ਸਹੰਸ੍ਰ ਨਾਮਾ" ਇਹ ਦੋਵੇ ਲਿਖਤਾ ਸਾਇਦ ਦੇਵ ਨਾਗਰੀ ਲਿਖਤ ਸਹਿਸਕ੍ਰਿਤ ਵਿਚ ਬਾਬਾ ਸ੍ਰੀ ਚੰਦ ਪਾਸ ਸੰਭਾਲੀਆ ਸਨ ਜੋ ਇਨ੍ਹਾਂ ਪਾਸੋ ਬਾਬਾ ਮਿਹਰ ਚੰਦ ਜੀ ਨੂੰ ਮਿਲੀਆ ਸਨ। ਫਿਰ ਇਨ੍ਹਾਂ ਦੀ ਸੰਤਾਨ ਪਾਸੋ ਕਿਸੇ ਉਦਾਸੀ ਮਹਾਤਮਾਂ (ਬ੍ਰਹਮ ਦਾਸ) ਨੂੰ ਪ੍ਰਾਪਤ ਹੋਈਆ ਤੇ ਫਿਰ ਆਪਣੀ ਖੋਜ ਪੜਤਾਲ ਵੇਲੇ (ਸ੍ਰੀ ਚੰਦ ਪ੍ਰਕਾਸ਼ ਦੇ ਕਰਤਾ) ਬਾਬਾ ਪ੍ਰਤਾਪ ਸਿੰਘ ਬੇਦੀ ਜੀ ਨੇ ਬ੍ਰਹਮ ਦਾਸ ਪਾਸੋ ਸੁਣ ਕੇ ਗੁਰਮੁਖੀ ਅੱਖਰਾਂ ਵਿਚ ਕਵਿਤਾ ਰੂਪ ਲਿਖਿਆ, ਅਤੇ ਉਕਤ "ਗੁਰ ਗਾਇਤ੍ਰੀ" ਮੰਤ੍ਰ ਸਮਾਪਤ ਕੀਤੇ ਮਗਰੋਂ ਐਸਾ ਪਤਾ ਦਿਤਾ ਹੈ-

*ਸੋਰਠਾ- ਆਗੈ ਵਰਨਨ ਹੋਇ, ਨਾਨਕ ਸਹੰਸ੍ਰ ਨਾਮ ਜੋ॥*

*ਸੋਰਠਾ- ਲਿਖ ਦਈ ਕਵਿਤਾ ਸੋਇ, ਬ੍ਰਹਮ ਦਾਸ ਜੀ ਮੁੱਖ ਰਰੀ॥*

## ਮੰਗਲਾ ਚਰਨ-ਸਹੰਸਰ ਨਾਮਾਂ

ਮੂਲ- ਉਅੰਸਜ ਸ੍ਰੀ ਗੁਰੂ ਨਾਨਕ ਸਹੰਸ੍ਰ ਨਾਮ ਮੰਤ੍ਰਸਜ॥ ਸ੍ਰੀ ਮਤ ਸ੍ਰੀ ਚੰਦ ਗੁਰੂ ਨਾਨਕ

ਸੁਨ ਰਿਖੀ। ਸ੍ਰੀ ਗੁਰੂ ਨਾਨਕ ਦੇਵਤਾ ਬ੍ਰਹਮਗਯ ਬ੍ਰਹਮਚਾਰੀ ਇਤੀ ਬੀਜੇ॥ ਪ੍ਰਨਮ ਕੀਰਤਿ ਅਨਾਮ-ਯਾਇ ਤਸ੍ਰੌਕਤੀ॥ ਵਿਸਤ੍ਰੈ ਜਸੋ ਵਿਆਪੀ ਇਤ ਮੈਤ੍ਰਾ॥ ਕੀਰਤਿ ਅਨਾਮ-ਯਾਇ ਕਾਇਕ ਕੀਲਕੰ॥ਤਿਪਰੰਸਾਤਿ ਪਰੰਨੰਦਾਇਤ ਕਵਚੰ॥

- ਪ੍ਰਾਗਯਾ ਚਤਰੀਯ ਕਾਇਕ ਕੀਲਕੰ॥ ਖਿਤੀ ਸੈ ਪਾਪਾ ਨਾਸਟਨਾਇਤ ਅਸ੍ਰੰ॥ਸੰਤ ਦੇਵਾ ਸੰਤ ਰੂਪਾਇਤ ਧਿਯਾਨੰ॥ ਸਿਰੀ ਵਿਸੰਨ ਸਰੂਪ ਗੁਰੂ ਨਾਨਕ ਪ੍ਰੀਤਯਰਥੇ ਦਿੱਬ ਸਹੰਸ ਨਾਮ ਜਪੇ ਵਿਨੁਯੋਗਾ। ਓਅੰ ਸ੍ਰਿ ਸ੍ਰੈਸਟੀ ਗੁਰੂ ਨਾਨਕ ਸੁਤ ਸ੍ਰਿੀ ਮਤ-ਸ੍ਰਿੀ ਚੰਦ ਰਿਖਯੇ ਨਮਾ॥

- ਸ੍ਰਿੀ ਗੁਰੂ ਨਾਨਕ ਦੇਵਤਾਯੇ ਨਮਾ॥ਗੁਹਯੇ ਬ੍ਰਹਮੋ ਬ੍ਰਹਮਚਾਰੀ ਇਤ ਵੀਜਾਯ ਨਮਾ॥ਪਾਦਿਯੇ ਪੁੰਨਯ ਕੀਰਤਿਅਨਾਭਜ ਇਤ ਸਕਤਯੇ ਨਮਾ॥

- ਸਰਵਾਗੇ ਪ੍ਰਾਗਯਾ ਚਤੁਰੀਯਕਾ ਇਤ ਕੀਲਕਾਯ ਨਮਾ॥ਕਰ ਸੰਪੁਟੇ ਮਮ ਸ੍ਰਿੀ ਨਾਨਕ ਪ੍ਰੀਤਯਰਥੇ ਜਪੇ ਵਿਨਯੋਗਾ॥ਇਤ ਰਿਖਯਾਦਿ ਨਯਾਸਾ॥ਓਅੰ ਸਤਦੇਵਾ ਸੰਤ ਰੂਪਾਇਤ ਅੰਗੁਸਟਾ-ਭਯਾ ਨਮਾ॥

- ਲੋਕ ਨਾਥੇ ਮਹਦ ਭੂਤਾਇਤ ਤਰਜਨੀ ਭਯਾਂ ਨਮਾ॥ਅਵਨਾਸੀ ਤੇਜ ਪੰਚਾਇਤ ਮਧਯਮਾ ਭਯਾ ਨਮਾ॥ਮੰਗਲੋ ਮੰਗਲ ਪ੍ਰਦਾਇਤ ਅਨਾਮਕਾ ਭਯਾ ਨਮਾ॥ ਦੁਰਾਧਰ ਸੋਦੁਰਾਰਾਧ ਇਤ ਕਨਿਸਕਾ ਭਯਾ ਨਮਾ॥ਧਰਮ ਗੋਪਤਾ ਧਰਮ ਧਾਮਾਇਤ ਕਰਤਲ ਕਰ ਪ੍ਰਿਸਭਯਾ ਨਮਾ॥

- ਅਥ ਖੜੰਗ ਨ ਯਾਸਾ॥ਓ ਸਤ ਦੇਵਾ ਸਤ ਰੂਪਾਇਤ ਹਿਰਦਾ-ਯਾਯਾਂ ਨਮਾ॥ਲੋਕ ਨਾਥੇ ਮਹੱਦ ਭੂਤ ਇਤ ਸ੍ਰਿਸਸ੍ਰਿਸਵਾਹ॥ਅਵਿਨਾਸੀ ਤੇਜ ਪੰਜਾਇਤ ਸਿਖਾਯੈਵਖਟ॥ਮਾਂਗਲਯੋ ਮੰਗਲ ਪ੍ਰਦ ਇਤ ਕਵਚਾ ਮਹੂੰ॥ ਦੁਰਾਧਰ ਸੋਦੁਰਾਰਾਧ ਇਤ੍ਰਨੇਤ੍ਰ ਤ੍ਰਯਾਯਵੇ ਖਟ॥

- ਧਰਮ ਗੋਪਤਾ ਧਰਮ ਧਾਮਾਇਤ੍ਰ ਅਸਤ੍ਰਾਯ ਫਟਾ॥ਸ੍ਰੀ ਵਿਸਨ ਸਰੂਪ ਗੁਰੂ ਨਾਨਕ ਪ੍ਰੀਤਯਰਥੇ ਸਹੱਸ੍ਰ ਨਾਮ ਜਪ ਮਹੰਕ ਰਿਖੇਯ ਇਤ ਸੰਕਲਪਾ॥

- ਅਥ ਧਯਾਨੰ॥ਸੇਤਵਾਸੰ ਪਾਣਿਸਾਲ ਗਿਆਨ ਰੂਪ ਗੁਰੋਤਮਾ॥ ਗੌਰ ਦੇਹੰ,ਬੰਸ ਕਰਤਾ ਬੇਦ ਵੰਸੇ ਪ੍ਰਜਾਤੰ॥ਭਬੰਯਾਕਾਰੰ, ਸ਼ਾਂਤਿ ਰੈਪੰ ਯੋਗ ਭੀ,

*ਸੇਬ ਮਾਨੰ ਸਦਾ॥ਬੰਦੇਹੰ ਸਵਛ ਗਮਨੰ ਗਾਯਕੰ ਗਾਸਨਾਗਰ ਭਾਰੀ॥*

(ਇਤ ਧਯਾਨੰ)

### (ਮੰਗਲਾ ਚਰਨ ਸਮਾਪਤ)

ਨੋਟ- ਬਾਬਾ ਸ੍ਰੀ ਚੰਦ ਜੀ ਪਾਸੋਂ ਪ੍ਰਾਪਤ ਹੋਇਆ ਸਹੰਸ੍ਰ ਨਾਮਾਂ ਲਿਖਣ ਤੋਂ ਪਹਿਲੇ ਇਹ ਬ੍ਰਹਮ ਦਾਸ (ਉਦਾਸੀ ਜੀ ਵਲੋਂ ਮੰਗਲਾ ਚਰਨ ਲਿਖਿਆ ਜਾਪਦਾ ਹੈ, ਕਿਉਂਕਿ ਇਸ ਵਿਚ ਸ੍ਰੀ ਚੰਦ ਪ੍ਰਥਾਇ ਵੀ ਤੀਜੇ ਸ਼ਲੋਕ ਵਿਚ ਨਮੋ ਕੀਤੀ ਲਿਖੀ ਹੈ।)



## ਗੁਰੂ ਨਾਨਕ ਸਹੰਸਰ ਨਾਮਾਂ

ਮੂਲ

- ਉਅੰ ਸਤਿਦੇਵਾ, ਸਤਿਰੂਪਾ, ਨਿਰਾਮ ਬੰਸ ਕਰਾ ਸੁਰੀ।
ਸਤ ਕਰਤਾ, ਸਤ ਨਾਮਾ, ਸਤਬਾਰੀ, ਸਤੋਧਰਾ।੧।
- ਕਰਤਾਰੀ, ਕ੍ਰਿਤਨਾਮਾ, ਕਾਲਧਾਰੀ, ਕਲਿਹ ਜਿਤਾ।
ਬਿਧ ਰੂਪਾ, ਬੰਧੁ ਸੰਚਾ, ਲੀਲਾ ਰੂਪ ਧਿਆਇਕਾ।੨।
- ਕਾਮ ਰਾਰੀ ਮਨੋਹਰਤਾ, ਪਸ਼ ਗਾਮੀ, ਪਰੋਧਰਾ।
ਬਿਰਧ ਰੂਪਾ, ਖੰਚਾਰੀ, ਦੇਵ, ਜਿਤਾਸੁਰਾ ਜਿਤੀ।੩।
- ਪਰਮਿਤਾ ਪਰੋਲੋਕਾ ਦੇਵ ਨਾਨਕ ਮਲਾ ਹਰੀ।
ਪ੍ਰਮਚਾਰੀ, ਬਿਸ੍ਰ ਨਾਥਾ, ਬਿਸ ਕਰਤਾ, ਧਰਾ ਬਿੰਸੀ।੪।
- ਰਾਮ ਰੂਪਾ, ਬਨੋਚਾਰੀ, ਦੇਵ ਪ੍ਰਸਨਰੋਤਮਾ।
ਸੂਨ ਅਲੂ, ਜਨਮ ਧਾਰੀ, ਸਿਖ ਸਾਧ ਉਧਾਰਕਾ।੫।
- ਸਾਧ ਨੇਮੀ, ਨੇਮਹਾਰੀ, ਬੇਦ ਬੰਸ ਪਰਵਰਧਨਾ।
ਮਨੁਜਾ, ਮਨੁਜ ਬੇਖੇ, ਨਿਰੰਕਾਰੀ, ਪਰਮੇਸੁਰਾ।੬।
- ਪਰੋ ਦੇਵਾ, ਪੰਥ ਕਰਤਾ, ਬਹੁ ਰੂਪ, ਬਿਰੂਪਕਾ।
ਨਾਮ ਜਾਪੀ, ਨਾਮ ਥਾਪੀ, ਨਾਮ ਨਾਵ, ਕਰੋਧਰਾ।੭।
- ਸਮਤਾ, ਸੰਮਲਾ, ਸੁਾਮੀ, ਮਨੋ ਵਾਂਛਤ ਦਾਯਕਾ।
ਵਾਸ ਨਾਸੀ, ਮਨੋਨਾਸੀ, ਤਤ ਗਿਆਨ ਪ੍ਰਬੋਧਨਾ।੮।
- ਜੱਗ ਜੀਵਾਂ, ਜੱਗ ਵੀਜਾਂ, ਜਗ ਹਾਰੀ, ਜੱਗ ਨਾਯਕਾ।
ਜੱਗ ਪਿਤਾ, ਜੱਗ ਜਿਤਾ, ਜਗ ਨਾਥੇ, ਤ੍ਰੈ ਕਾਰ ਹਾ।੯।
- ਜੋਗ ਰੂਪਾ, ਜੋਗ ਜੁਗਤਾ, ਜੋਗੀਗਾ, ਧਯਾਨ ਧਾਰਨਾ।
ਜੋਗ ਪਦ, ਧਰਾ ਜੁਗਤੀ, ਜੋਗ ਕਾਰੰ ਮਨੋਗਤੀ।੧੦।
- ਤਪੇ ਨਿਸਾਂ, ਤਪੇ ਜੁਗਤਾ, ਤਾਪਸੀਚ, ਤਪੇ ਪ੍ਰਿਯਾ।
ਤਪੇ ਧਨਾ, ਤਪੇ ਮਨਾ, ਤਪਸਾ ਤਾਪ ਜੀਤਨਾ।੧੧।
- ਕਰਤਾ ਕਾਰਨੋ ਸਾਰਾ ਪੁਰਕਰਤਾਰ ਸੁਖੇਲਕਾ।
ਧਾਮੀ ਧਾਮ ਧਜਾ ਧਾਰੀ, ਸਾਂਤ ਰੂਪਾਵਨੀ ਧਰਾ।੧੨।
- ਵੈਕੁੰਠਾ ਕੁੰਠ ਗਾਮੀ ਚਪੰ ਚਕਾਪੰਚ ਸੇਵਕਾ।
ਪੰਚ ਮਾਨਾ ਪੰਚ ਜਾਨਾ ਪੰਚਹਾ ਪੰਚਮ ਪ੍ਰਿਯਾ।੧੩।
- ਚਤ੍ਰਭੁਹੀ ਚੱਤ੍ਰਰੂਪਾ ਚਾਰ ਨੈਨ ਸੁਸੁੰਦ੍ਰਾ॥
ਚਾਰ ਬਾਹੂ ਚਾਰ ਪਾਦਾ ਚਾਰ ਚੀਰ ਬਡੇ ਜਸੀ।੧੪।
- ਕੰਜ ਬਦਨਾ ਚਾਰ ਹਾਸੀ ਸੇਤ ਭਾਸਿ ਸੇਤੰਬਰਾ।
ਸ੍ਰੇਤ ਮੱਸ੍ਰ ਸ੍ਰੇਤ ਨਾਮਾ ਸ੍ਰੇਤ ਜਾਪੀ ਬਨਾਯਨਾ।੧੫।

- ਰਘੁਬੰਸੀ ਜਸੋ ਅਸੀ ਰਾਘਵਾਨੰ ਰਘੁਨੰਦਨਾ॥
ਰਘੁਤਮਾ ਕੁਲ ਦੀਪਾਢੀਪੇ ਦੀਪਤ ਪਾਵਕਾ॥੧੬॥
- ਭੂਪਾਲੋ ਭੂਪ ਰੂਪਾ ਕਰਮੇ ਕਰਮ ਨਾਸਨਾ॥
ਭੂਤ ਭਬਿ ਭਵਿਖਯਾਚ ਸੁਤ੍ਰੈਕਾਲ ਵਿਯਾਪਕਾ॥੧੭॥
- ਕਾਲ: ਕਾਲ ਕਲਾ ਰੂਪਾ ਕਾਲ ਚੱਕ੍ਰ ਵਿਡਾਰਣਾ॥
ਕਾਲ ਰਹਤ: ਕਾਲ ਹਰਤਾ ਕਾਲ ਨਾਮੀ ਕਰ, ਮਹਾ॥੧੮॥
- ਪਰਮਾ ਨੰਦਾ, ਨੰਦ ਰੂਪਾ, ਪਵਿਤ੍ਰੰ, ਸ੍ਰਬ ਉਤਮੰ॥
ਸਰਬ ਜਾਪੀ, ਸਰਬ ਤਾਪੀ, ਸਾਰ ਮੂਰਤਿ ਸਤੇ ਬ੍ਰਤਾ॥੧੯॥
- ਪਰਧਾਨੰ ਪਰਸ ਰੂਪੰ, ਨਿਧਾਨੰ ਗੁਣ ਪੂਰਕੰ॥
ਸਾਧਕਾ ਸਾਧਨਾ ਮੂਰਤੀ ਸਾਧ ਬੇਖ ਮਨੋਹਰਾ॥੨੦॥
- ਸ੍ਰੀ ਚੰਦਾ, ਲਖਮੀ ਦਾਸਾ, ਦਾਸ ਕਰਿ ਦਸ ਨਾਸਕਾ॥
ਧਰਮ ਚੰਦਾ ਧਰਮ ਕੇਤਾ, ਸਤਿਵਾਦੀ ਸਨਾਤਨਾ॥੨੧॥
- ਰਵਿ ਰੂਪਾ ਰਵਿ ਤੇਜਾ ਰਵਿ ਕ੍ਰਿਤਾ ਰਵਿ ਪ੍ਰੇਰਕਾ॥
ਤੱਗੋ ਅੱਗ ਹਰਾ ਭਾਰੀ, ਤਮ ਨਾਸੀ ਕਰਨਾਲਯਾ॥੨੨॥
- ਪ੍ਰਜਾ ਕਰਤਾ, ਪ੍ਰਜਾ ਪਾਲਾ, ਪ੍ਰਜਾ ਰੂਪੀ, ਪ੍ਰਜਾ ਪਤੀ॥
ਸ੍ਰੇਸਟਾ ਸ੍ਰੇਸਟ ਮਾਨਾ ਚ ਸ੍ਰੇਸਟ ਰੂਪ ਸ੍ਰਿਸੋਟ ਕਰਾ॥੨੩॥
- ਜਤ ਧਾਰੀ ਸੁਭਾਖਯਾ ਚ ਸੁਭ ਵਾਕ, ਲਖਣਾ॥
ਸੁਭ ਦ੍ਰਿਸਟੀ ਸਿਵ ਰੂਪਾ ਸੁਭ ਨੈਨ ਸੁਭੋਪਮਾ॥੨੪॥
- ਗਿਆਨੀ ਗਿਆਨ ਮਈ ਕਾਇਆ ਗਿਆਨ ਸੂਰ ਪੁਰਾਤਨਾ॥
ਭਵ ਕਰਤਾ ਭਵ ਨਾਸਾ, ਭਵ ਵਿਆਪੀ ਭਵੇਸ੍ਰਰਾ॥੨੫॥
- ਨਿਗਮ ਵੇਤਾ ਨਿਗਮ ਕਾਤਾ ਨਿਗਮ ਰੂਪ ਨਿਗਮੋਧਰਾ॥
ਪ੍ਰਾਣ ਏਸਾ ਪ੍ਰਾਣ ਮੂਰਤੀ, ਪ੍ਰਾਣ ਕ੍ਰਿਤ ਪ੍ਰਾਣ ਬਲੱਭਾ॥੨੬॥
- ਭੱਦ੍ਰ ਰੂਪੋ ਹਰਿਵਾਸੋ, ਅੱਪ੍ਰਮਯ ਸੁਲੋਚਨਾਂ॥
ਲੋਚਾ ਪ੍ਰੁੱਤ ਗਯਾਤਾ ਆਤਮਾ ਹਰਿ ਪਾਲਕਾ॥੨੭॥
- ਰਿਖੀ ਕੇਸੋ, ਵਿੱਸੁ ਕਰਮਾ ਯੱਗ ਕ੍ਰਿਤਗਯਾਂ ਗਾਤਕਾ॥
ਏਕ ਰੂਪਾ, ਨੇਕਧਾਰੀ, ਅਮ੍ਰਿਤੀਚ ਦੁਤੋਂ ਧਰਾ॥੨੮॥
- ਮਹਾਂ ਵੀਰਯੋ, ਮਹਾਂ ਬੁਧੀ ਮਹੋਸੋਜਨ ਵਤਸਲਾ॥
ਮਹਾਂ ਕ੍ਰਮਾ, ਮਹਾਂ ਬੁਧੀ ਮਹੋਸੋਜਨ ਵਤਸਲਾ॥
- ਗੋਵਿੰਦੋ ਸੁਰਾਨੰਦੋ ਪ੍ਰਮ ਹੰਸੋ, ਪਦਮਾਣਸਾ॥
ਅਚੁੱਤਾ ਕ੍ਰੋਧ ਹਾਰੀਚ, ਵਾਸਦੇਵੋ ਵਿਸ ਰੁਚਤਾ॥੩੦॥





- ਸਤ ਸੰਗੀ ਔਪੁਤਾਸ਼ ਸਿਧ ਰੂਪ ਸਿਧਾ ਸਿਧੀ।
ਬਾਬਾ, ਪੁਰਖੁ ਰੂਪਾਸ਼, ਅਨੰਤੇ ਰੂਪ ਬਿਸਤਰਾ।੩੧।
- ਪ੍ਰੇਮਸੁਰੰ ਪਰਾਕ੍ਰਮ ਜਗਤ ਸੁਆਮੀ ਜਗ ਪਿਤਾ।
ਰਿਖ ਰੂਪੰ ਰਿਖ ਕ੍ਰਿਤੀ ਸਿਮਨੀ ਭੂਤ ਕਾਰਨਾ।੩੨।
- ਆਦ ਦੇਵੋ ਪ੍ਰਮਾਤਮਾ, ਅਚਲਾ, ਵਰ ਦਾਮਕਾ।
ਸੰਭੂ, ਸੰਕਰਾ ਰੂਪਾ, ਨਿਰ ਭੈ ਨਿਰਵੈਰਕਾ।੩੩।
- ਲੋਕ ਨਾਥੰ ਮਹਦ ਭੂਤ, ਭੀਮ ਕ੍ਰਮ ਸੁਭ ਪ੍ਰਦਾ।
ਆਧਰਾ ਧਾਰਨੋ ਭੂਤ ਪ੍ਰਮਾਣੰ ਸੁਖਿਮ ਚਿਤਾ।੩੪।
- ਅਸੰਕਾ ਰੰਗ ਹਾਰੀਚ ਭੂਤ ਸਾਝੀ ਮਹੀਧਰਾ।
ਮਹਾਂ ਭਾਗੋ, ਮਹਾ ਯੋਗੋ ਘਟ ਜਿਤ ਘਟ ਸਦਾ।੩੫।
- ਛਿਤ ਪਤੀ ਪ੍ਰਭਾਰੂਪਾ, ਗੋਸਾਈ ਨਾਰਾਇਣਾ।
ਸਤਿਗੁਰਾ, ਏਕੰਕਾਰੀ, ਕੂਟਸਥਾ, ਸਿਧੀ ਕਰਾ।੩੬।
- **ਅਬਨਾਸ਼ੀ** ਤੇਜ ਪੁੰਜੇ ਕ੍ਰਿਪਾਲਾ ਸਮਆਨਨਾ।
ਗੁਣਾਕੇਰ ਸਿੰਧ ਰੂਪਾ ਵੇਦਮਯ ਸਬਦਾ ਕਰਾ।੩੭
- ਚਿੱਦ ਰੂਪੀ, ਚਿਦਾ ਨੰਦਾ, ਮਾਧਵੇ, ਜਨ ਬਲੰਭਾ।
ਜਨਕੋ, ਛੱਤ੍ਰ ਧਾਰੀ, ਚ ਸ੍ਰੀ ਪਤਿ ਸ੍ਰੀ ਸੰਭਨਾ।੩੮।
- ਮੰਗਲਾ ਮੰਗਲੋ ਰੂਪਾ ਪਾਵਨਾ ਪਵਨ ਜੀਤਕਾ।
ਸੋਮੋ, ਪਵਨ ਹਾਰੀ, ਭਗਵਾਨੋ, ਜੁਗਾਦਿਆ।੩੯।
- ਅਜਾਚੀ, ਜਾਚਨਾ ਦਾਤਾ ਅਦੈਤ, ਦੈਤ ਹਾਰਕਾ।
ਦੁਰਲਭਾ ਦੁਰਗਮੇ ਨਿਤਯੰ, ਨੇਤਰੂਪ, ਪ੍ਰਪੂਰਕਾ।੪੦।
- ਕੁਮਾਰੇ ਕਾਮਨਾਚ ਗੌਰਦੇਹ ਗੁਰੇਤਮਾ।
ਪੰਥ ਨਾਤੇ ਜਾਪਕਾਰੀ ਜਗ ਮਿਤ੍ਰ ਪਰਾਪ੍ਰਭੂ।੪੧।
- ਤੀਰਥੋ ਤੀਰਥਾ ਸੇਵੀ, ਤਪਾ ਬਾਲਾ, ਸਖਾ ਸੁਭਾ।
ਲਾਲੋ ਮਿਤ੍ਰਾ, ਦੀਨ ਵੰਧੂ, ਦਿਬੋ ਦੇਵ ਲੂਤ ਪੂਜਕਾ।੪੨।
- ਦੁਰਾਧ੍ਰ ਸੋ, ਦੁਰਾਰਾਧੋ ਦੁਰਮਦੇ ਕੇਡਾ ਕ੍ਰਿਤੀ।
ਨ੍ਰਿਪ ਪੂਜੇ ਗਣੇਸਾਚ ਗਣ ਕ੍ਰਿਤ ਗਣ ਨਾਸਨਾ।੪੩।
- ਧ੍ਰਮਿੰ ਸ੍ਰੀ, ਧਰਮਾ ਧਾਰੀ, ਧਾਤਾ ਧਰਮ ਨਾਯਕਾ।
ਨਰੇਸੋ ਨਗਰਾ ਚਾਰੀ, ਨਵੇ ਦ੍ਰੋਨਵ, ਵਸਾਕ੍ਰਿਤੀ।੪੪।
- ਗੋਪਤਾ ਗੋਪਤੇ ਲਾਮੀ ਮਰਦਾਨੇ ਪ੍ਰਤਪਾਲਕਾ।
ਅਨੀਹਾ ਸਈਹਾ ਖਿਆਮਾ ਕਾਰੂ ਬਿੰਜਾਰਨਾ।੪੫।

- ਅਨਸੂਤਾ, ਜਗੰਨਾਥੇ "ਸੇਲੀਧਰ" ਸੁਰ ਸਤਮਾ॥
ਪਤੰਗਾ, ਪਤੰਗਾ ਵੰਸਾ, ਸੂਖੇਸੁਰ ਨਿਰੰਜਨਾ॥੪੬॥
- ਤੁਰੀਆ ਰੂਪਾ, ਤੁਰੀ ਤੀਤਾ, ਅਜਿਤੇ, ਨਿਰੰਗਨਾ॥
ਗਵੇਸੇ ਗੁਰੂਜੇ ਵਿੱਸਨੇ ਰਾਵੀ ਤੀਰ ਬਿਰਾਜਕਾ॥੪੭॥
- ਡੰਡ ਕੇ, ਡੰਡਗਾਮੀ ਚਪਰ ਤਾਪੇ ਵਲਾਹਕਾ॥
ਚੰਮੂੰ ਨਾਥੇ, ਚੰਮੂ ਪਾਲਾ, ਚਤੁਰ ਬੇਦ ਚਤੁਰਾਨਨਾ॥੪੮॥
- ਤਾਪਸੀਚ, ਤਪੇ ਤੇਜਾ, ਸਮਾਸੇਨ ਤਪ ਨਿਸਟਕਾ॥
ਦਯਾ ਮਯੇ, ਦਯਾ ਦਾਨੇ, ਨਿੰਦ੍ਰਾ ਹਾਰੀ, ਮਹਾਸਨਾ॥੪੯॥
- ਭੂਧਰੇ, ਭੂਹਰੇ, ਭੂਮੀਸ, ਸਚਰਾ ਚਰ ਪੂਜਕਾਂ॥
ਮਹਾ ਮਾਯੇ, ਮਹਾ ਕਾਯੇ, ਮਹਾ ਤੇਜੋ, ਮਹਾਂ ਬਲਾ॥੫੦॥
- ਯੋਗੋ ਸੇ ਯੋਗ ਰੂਪਾ ਚ ਸੱਤ ਕ੍ਰਿਤ ਸਤ ਵਾਸਨਾ॥
ਦਿੱਬ ਦੇਹਿ ਨਰੇਵਾ ਚ ਪਦਮਾਖੇ ਪਰਾਤ ਪਰਾ॥੫੧॥
- ਪੂਰਣੋ ਪੁਰਾ ਵਾਚਾ ਭਵਾਨੰਦੋ ਭਵੀਸਰਾ॥
ਭੂੰਵ ਤਾਰੇ, ਭਾਰ ਨਾਸੀ, ਭੂੰ ਨਾਥੇ ਪ੍ਰਜਾਗਰਾ॥੫੨॥
- ਸਿੱਖੇ ਸੇ ਗੁਰੂ ਰੂਪੇ, ਲੀਲਮਯ ਵਿਦਿਯਾ ਦਿਆ॥
ਕੇਸਵੋ ਪੂਰਣ ਤੇਜਾ ਮਦਨਾਰੀ ਜੁਗਤਾ ਕਰਾ॥੫੩॥
- ਸੁਭਾਗੋ, ਵਿਸ੍ਵਾਧਾਰੇ, ਜਲ ਸਾਂਈ, ਜਨਾਰਦਨਾ॥
ਵਿਕ੍ਰਤਾ, ਵਿਕ੍ਰਤ ਰੂਪੇ, ਦੂਸਨ ਦੀਮਨ ਤ੍ਰਿਕਾਲਗੀ॥੫੪॥
- ਕੀਰਤਾ, ਕੀਰਤੋ ਦਾਤਾ, ਪੁਰਾਣੰ, ਕੀਰਤਿ ਭਾਜਨਾ॥
ਸ੍ਵੇਤ ਵਾਸੰ, ਪਾਣ ਮਾਲਾ, ਅਖਲੰ ਸੁਘ ਰੂਪਣੰ॥੫੫॥
- ਮੁਕਤੋ ਨਰਾਧਿਖੰ ਗਯਾਨ ਘਨ ਜਨ ਰਖਕਾ॥
ਸਾਧੇਸੋ, ਸਾਧ ਰੂਪੇ, ਸਾਧਨਾ, ਸਾਧ ਅਰਿਚਤਾ॥੫੬॥
- ਗਤਿ ਕੈਰੋ, ਬਿਗਤ ਨਾਸੀ, ਗਯਾਤ੍ਰਾ, ਸਜਨੰ ਗਤੀ॥
ਆਸ੍ਰਮਾਸ੍ਰਮਾ ਕਰਤਾ, ਸ੍ਰਮ ਨਾਸਾ ਸ੍ਰਮ ਰਖਕਾ॥੫੭॥
- ਭਾਵ ਰੂਪੇ ਭਾਵ ਹਾਰੀ, ਭਾਸਕੋ ਭਵ ਪ੍ਰੇਰਕਾ॥
ਬੈਰਾਠੋ, ਬ੍ਰਿਧ ਮਾਨਾ ਚ ਬ੍ਰਿੱਧ ਪੂਜੋ, ਬ੍ਰਿਧਾ ਕਰਾ॥੫੮॥
- ਧ੍ਰਵ ਤੇਜਾ, ਧ੍ਰੁਵੋ ਨਾਮਾ, ਧ੍ਰੁਵਾਚਾਰੀ ਧ੍ਰਵ ਪੂਜਕਾ॥
ਉਤਪਤੇ, ਥਿਤਾਚਾਰਾ, ਪਾਲਨੋ, ਸੰਹਰਤਕਾ॥ ੫੯॥
- ਸ੍ਰਤੇਸੋ ਸ੍ਰਤਕਿਰਤੀ ਸ੍ਰਤੱਗਯਾ ਸ੍ਰਤਿਧਾਰਨਾ॥
ਖੇਤ੍ਰਗੱਯੋ ਖੇਤ੍ਰੱ ਰੂਪਾ ਚ ਖੇਤ੍ਰਪਾਲ ਖੇਤ੍ਰਾਂਤਕਾ॥੬੦॥

- ਅਲਿ ਬਯਾਪੀ, ਆਦਿ ਨਾਥੇ, ਅਨਾਥ ਨਾਥ, ਸੀਤਨਾ।
ਸਚ ਦਰਸੀ ਸਚ ਰੂਪਾ ਸਚਾ ਵਾਸੇ ਸਚੀਸ੍ਰਰਾ॥੬੧॥
- ਰਿਗ ਜੁਜਰੋ ਸਿਯਾਮਾਏ ਤ੍ਰਈ ਬੇਦ ਸੁ ਕੰਥਕਾ।
ਸੰਨਯਾਸੀ, ਸੰਨਯਾਸ ਕਾਰੀ, ਸੰਸਹਾਰੀ ਪ੍ਰਵਾਸਨਾ॥੬੨॥
- ਈਸ੍ਰਰੋ ਵਿਕ੍ਰਮੀ ਕ੍ਰਮਾ ਜਗਾਦੀਯਰਾ ਥਾਪਕਾ।
ਸੁੱਧੋ ਸੁੱਧ ਕਰਤਾ ਚ ਅਮਲੋ, ਪਰ ਬੁਧਕਾ॥੬੩॥
- ਅਭੇਦੋ, ਭੇਦ ਨਾਸੀ, ਸੁਸੰਗੀ, ਸੰਗ ਵਰਜਿਤਾ।
ਅਨਤੋ, ਨਿਤ ਬਯਾਪੀ ਚ ਧ੍ਰਿਤ ਨੈਮੀ ਅਨੇਕਾ॥੬੪॥
- ਧੀਰਜੋ, ਧੀਰਜ ਧਾਰੀ, ਸੁਧਾਰੋ ਚ ਧਰਤਿਕਾ।
ਨਰਾਕਾਰਾ, ਸੁਰ ਪੂਜੋ, ਵਰਿਸਟੇਚ ਪਰੇਸ੍ਰਨਾ॥੬੫॥
- ਅਤੀਤੋ, ਅਤੀਤੇਸਾ ਚ ਅਤਿਵਾਸੋ ਅਤਿੰਦ੍ਰਤਾ।
ਅਖਲੇਸੋ ਅਖਲਾਵਾਸਾਖਲ ਪਾਲ, ਅਰਿਦਮਾ॥੬੬॥
- ਅਛੂਤੋ ਦੁੰਦ ਹਾਰੀਚ ਜਿਤਾ ਮਿਤ੍ਰਾ ਪ੍ਰਮੇਦਨਾ।
ਰੂੜੋ ਆਰੂੜਾਸਨਾ ਚ ਦੂਤੀ ਅਦੂਤੀ ਰੂਪਕਾ॥੬੭॥
- ਅੱਕ੍ਰੀ, ਕਿਰਿਆ ਵੰਤਾ ਚ ਕਾਰਕੋ ਸਕਤਾਪਤੀ॥
ਸੁਯੰ ਜੋਤੀ ਸੁ ਸੰ ਬੇਦ ਅਧਿਸ੍ਰਾਨੋ ਕੰਡੇਸ੍ਰਰਾ॥੬੮॥
- ਹਿਰਨ ਗਰਭੋ, ਪ੍ਰਭਾਏ, ਪ੍ਰਭਾਕਰੋ, ਸੁ ਅੱਖਰਾ॥
ਅਨਾਸਰੋ ਆਸਰਾ, ਮੂਲੋਅਨ ਬੀਜੋ ਰਿਖੀਸ੍ਰਰਾ॥੬੯॥
- ਵਿਰੁਜਾ, ਰੁਜੋ ਹਰਤਾ, ਵਰ ਦਾਤਾ ਵਰੋ ਪਰਾ॥
ਬੇਦ ਨਿੱਧੀ, ਸ਼ਬਦ ਰੂਪਾ, ਸਰਬਗਯੋ ਗੁਣੇਸ੍ਰਰਾ॥ ੭੦॥
- ਨਿੱਧੀ, ਸੋ ਨਿੱਧ ਕਰਤਾ, ਧਨਦੋ ਧਨਦਾਰ ਚਿਤਾ॥
ਪ੍ਰਬੀਨੋ, ਸੰਤੋਖਾਤਮਾ, ਕ੍ਰਾਂਤਹਾਰੀ, ਵਿਸੇਖਣਾ॥੭੧॥
- ਪਰਮੇਸ੍ਰੀ, ਸੱਤ ਸਾਰੇਪ੍ਰ, ਰਿਧੀਕਿਲਾਲਾਟਨਾ॥
ਨਾਕੇਸੋ, ਨਾਕਚਾਰੀ ਨਵ ਵੰਸਾ, ਵੰਸ ਦੀਪਕਾ॥੭੨॥
- ਅਕਲੰਕੀ, ਕਲੰਕ ਹਾਰੀ, ਕਵੇਸੋ, ਕਮਲਾਪਤੀ॥
ਖੇਖਰਾ, ਖਲਾਤ ਕਾਰਾ-ਪ੍ਰਕੇਸਾ ਧ੍ਰ ਥਾਪਕਾ॥੭੩॥
- ਪੂਤਾਤਮਾ ਪਾਪ ਹਾਰੀ ਚ ਜੀਵੇਸੋ ਜਨਪ੍ਰਿਯਾ॥
ਪੰਚ ਸਾਧੋ ਵਿੱਸ ਭ੍ਰਤਾ ਵਿਸ ਪਤਿ ਵਿਸ੍ਰੰਤਕਾ॥੭੪॥
- ਬਨ ਪ੍ਰਿਯੋ, ਮਹਾਤਮਾਨੋ ਮੁਖੋ, ਪ੍ਰਸਾਦਿ ਦਾਯਕਾ॥
ਪਰਾਵਰੋ ਅਨਾਰੰਭਾ ਰੰਭ ਨਾਸੋ ਰੰਭੇਸ੍ਰਰਾ॥੭੫॥

- ਰੂਸ਼ੋਣ ਪ੍ਰਾਕ੍ਰਿਤ ਮੂਲ ਚ ਅਚਿਤੋ ਮਧੇਸ੍ਰਾ॥
ਸਨਾਤਨੋ ਪੂਰਬੋ ਦੇਵਾ ਸੁਭਾਵੇ ਸੁਭ ਕੋ ਬੁੱਧੀ॥੭੬॥
- ਅਜੋਨੀ, ਜਾਨ ਬਾਹੂ ਚ, ਸੁੱਜ ਸੋਜੱਸ ਕਾਰਕਾ॥
ਅਸੰਖੇਜੋ, ਵਿਭੇਧਾਰੀ ਧ੍ਰਮਾਵਾਸੋ, ਧ੍ਰਮੀਸ੍ਰਾ॥੭੭॥
- ਅਨਾਖਿਤੋ, ਪ੍ਰੇਮ ਲੱਖੀ ਅਵੰਸੋ ਵੰਸ ਉਤਮਾਂ॥
ਸੁਤ੍ਰੇ-ਸਕਤਾ ਵਿਯਾਪੀ, ਨਿਰਾਸੀ ਚ ਬੇਦੀ ਪਤੇ॥੭੮॥
- ਬੇਦੀ ਨੰਦੋ, ਬੇਦੀ ਭਰੋ, ਬੇਦੀ ਸੁ ਬੇਦ ਆਯਨਾ॥
ਸ੍ਰਿਸਟ ਪ੍ਰਾਕੋ, ਸਾਰ ਭੂਤ ਆਦੇਸੋ ਭਵ ਭੰਗਕਾ॥੭੯॥
- ਭਗਤੇ ਸੋ ਭਗਤਾ ਪਾਲੋ, ਭਗਤੋ ਬੁਧਿ ਦਾਯਕਾ॥
ਆਭੀਤੋ, ਭੀਤ ਹਾਰੀ, ਚ ਅਰੂਪੇ ਰੂਪ ਉਤਮਾ॥੮੦॥
- ਅਭੇਖੋ, ਭੇਖ ਕਰਤਾਰਾ, ਰਾਜਿੰਦਰੋ, ਰਾਜ ਥਾਪਕਾ॥
ਅਛੇਦ ਪਾਰ ਰੂਪਾ ਚ ਅਮਾਨੀ ਮਾਨ ਦਾਯਕਾ॥੮੧॥
- ਭੂਪੇਸ, ਭੂਪਨੋ ਪੂਜੋ, ਮਹੰਤੇ ਚ ਅਰੀਤਕਾ॥
ਤ੍ਰਿਵਰਗੋ, ਮ੍ਰਗਧਾਰੀ, ਵਰਨੋ ਵਰਨੇਸ੍ਰਾ॥੮੨॥
- ਆਬੰਧੋ, ਪ੍ਰਬੰਧ ਨਾਸੀਚ ਅਲੰਬੋ, ਜਗਲੰਬਕਾ॥
ਪ੍ਰੋਗਿਆਤਾ, ਲੋਕ ਤ੍ਰਾਤਾ, ਜੈਤ੍ਰਕੇਤਾਤ ਜੀਤਨਾਂ॥੮੩॥
- ਅੰਮੰਤ੍ਰੋ, ਮੰਤ੍ਰ ਕਰਤਾ, ਸੁਦੇਸੀ ਇਸਟ ਦੇਵਤਾ॥
ਅਸਤੋ, ਭਾਂਤ ਬਿਯਾਪੀ, ਚ ਉਦਾਰੋ ਦਾਰਿ ਬੰਧਕਾ॥੮੪॥
- ਕਾਲੁ ਜਾ, ਕਾਲੂ ਨੰਦੋ, ਜੁਗਾਵਤੋ ਜੋਗੇਸ੍ਰਾ॥
ਆਦੇਸੀ, ਕਾਲ ਰਹਿਤਾ, ਅਗਾਧੋ ਮਛਾ ਤਾਰਕਾ॥੮੫॥
- ਸੁਯੰਭਵੋ, ਸੁਯੰਜੋਤੀ, ਅਖੋਭੋ ਖੋਭ ਜੀਤਨਾ॥
ਅਮਿਤੋਜੋ ਮਿੱਤ ਸੂਰਾ ਅਜਨਮੋ ਅਕਾਯਨਾ॥੮੬॥
- ਅਧਾਮੋ ਧਾਮ ਕ੍ਰਤਾ ਚ ਧਾਮਹਾ ਧਾਮ ਬਿਆਪਕਾ॥
ਜਰਾ ਜੀਤਾ ਜਰਾ ਰਹਿਤਾ ਅਥਾਪੋ ਲੋਕ ਥਾਪਕਾ॥੮੭॥
- ਅਵਾਚੋ, ਵਾਚ ਕੋ ਬਿਯਾਪੀ, ਅਜਾਲੋ ਜਾਲ ਨਾਸਨਾ॥
ਅਲੈ ਰੂਪੋ, ਲੈ ਕਰਤਾ ਸੁ ਸੀਲੋ ਛਬਿ ਧਾਰਕਾ॥੮੮॥
- ਜੱਗ ਧ੍ਰਾਤ੍ਰੇ ਜਿਤੇਂਦ੍ਰਾ ਚ ਸਤ ਭੂਤੋ ਸੁ ਸਤ ਗਤੀ॥
ਤ੍ਰਿਸਕਤੋ ਦਯਾਰੰਭੋ ਕਲ ਪਾਦੋ, ਕਲ ਪੀਤਕਾ॥੮੯॥
- ਸੁਭੀਖਰੋ, ਗੌਰ ਤੁੰਡੋ, ਅਖੈ ਕ੍ਰੀੜੋ ਦਿਗੰਬਰਾ॥
ਜਿਤਾ ਜਾਰਾ, ਬਿਲਾਮਾ ਜ ਅੱਪਰ ਮਤੇ ਮੰਤੇਸ੍ਰਾ॥੯੦॥



- ਅਨੁਰੀ ਭ੍ਰਿਗਾਹਾਰੀ ਚ ਆਪ ਰੂਪ ਅਪਿਸ੍ਰਾ॥
ਪ੍ਰਜੇਸੋ ਪਾਰਜਾਤਯ ਪੰਚ ਯੱਗ ਪੰਚਈਸ੍ਰਾ॥੯੧॥
- ਠਾਕਰੋ, ਪ੍ਰੋਨਯ ਰੂਪਾ, ਚ ਸੁਧ ਵਾਕ ਸੁਧਾਕ੍ਰਮਾ॥
ਤੰਤ੍ਰਾਦੋ, ਤੰਤ ਕ੍ਰਿਤਾ ਚ ਤੰਤੇਸੋ, ਤੰਤ ਬਿਯਾਪਕਾ॥੯੨॥
- ਨਿਰਵਾਣੋ, ਹੱਬ ਭੰਗੀ, ਤ੍ਰਿਪਤੇ ਮਹਾ ਰਣ ਰਤੇ॥
ਕ੍ਰੱਸਲੋ, ਭਗਤਾ ਕੰਪੇ ਧਯਾਨ ਗੰਮ ਸੁ ਨਿਸਚਲਾ॥੯੩॥
- ਚੰਦ੍ਰਾਰਕੋ ਨਿਛੱਤ੍ਰਾ ਚ ਸੁਧਰ ਸੈਨ ਸੈ ਥਾਪਕਾ॥
ਗੋਰਖ ਮਿਤ੍ਰ ਗਿਆਨ ਦੀਪਾ ਸ੍ਰੀ ਮਤੇ ਗਿਰਾਟਨਾ॥੯੪॥
- ਜਨਾਨੰਦੋ, ਸੁਗੋਪਾਂਚ ਨਿਰਲੇਪੋ ਪ੍ਰਸੰਸਨਾ॥
ਭਵਾਤੀਤੋ ਧਨਾਖਯ ਸੰਮ੍ਰਿਧੋ ਸਾਮ ਗਾਯਨਾ॥੯੫॥
- ਸੁਕੇਸਾ ਸਰੀਰਾ ਚ ਸਰਬ ਸਾਖੀ ਅਗੋਚਰਾ॥
ਸਾਂਤ ਰਾਗੋ ਭੰਗਾਸਨੋ ਅਤਿ ਦੂੱਤੋ ਖੰਡ੍ਰ ਸੁਰਾ॥੯੬॥
- ਮੁਕੁੰਦੋ ਸੁਧੀਰਾ ਚ ਰਵਨੋ ਰਵਨ ਜੀਤਕਾ॥
ਬ੍ਰਹਮਚਾਰ ਗ੍ਰਿਹਸਥੀ ਚ ਬਾਨ ਪ੍ਰਸਤ ਸੰਨ ਯਾਸਕਾ॥੯੭॥
- ਬਿਦੇਹੋ ਸਰਬੰਗਾ ਚ ਮਹਾ ਦੇਵੇ ਦਯੋ ਦਯਾ॥
ਕਲੇਸੋ ਦ੍ਰਿੱਸ ਕਾਯੋ ਜਨਨੋ ਚ ਜਨਕਾਧਿਪਾ॥੯੮॥
- ਨਿਰਾਂਤਕੋ ਬਯੋਮ ਕਾਰਾ ਜਯ ਦਾ ਵਿੰਸ੍ਰ ਮੋਹਿਨਾ॥
ਅੰਮ੍ਰਿਤੇ ਸੋ ਬੋਧ, ਰੂਪਾਖਲ, ਭੰਨੋ ਬੁਧਾਤਮਨੋ॥੯੯॥
- ਮੋਖ ਫਲੋ, ਮਹਾਂਦਾਤਾ, ਸਾਂਤਾਂ ਚ ਸਰਬੋਤਮਾ॥
ਧਰਾ ਚਿਤਯੋਗ ਗਾਮਯਾ ਅੰਤਰ ਜਾਮਿ ਨਿਸੰਗਕਾ॥੧੦੦॥
- ਓਅੰਕਾਰੋ, ਤ੍ਰਿਵਰਣਾ, ਵਿਦ੍ਵਾਨੋ ਵਿਦ੍ਵੇਸਰਾ॥
ਲਾਭਾਤਮਾ ਧਰੁਵ ਗੋਸਟੀ, ਗੋ ਭਰਾ ਗੋਧਾਰਨਾ॥੧੦੧॥
- ਵਾਰਗੀ ਸਾਚ, ਸਦਾ ਚਾਰਾ ਬੀਤ ਸੋਕ ਭ੍ਰੈ ਵਾਸਕਾ॥
ਗੰਭੀਰੋ ਸਿਧ ਰੂਪਾਂ ਚ ਅਚਲੇਸੋ ਬਿਸੰਭਰਾ॥੧੦੨॥
- ਵਾਹਿਰੰਤ੍ਰੋ ਹੰਸ ਰੂਪੋ, ਸ੍ਰਬ ਦੀਖੇ ਸਿਧਾਟਨਾ॥
ਗਜ ਗਾਮੀ ਮਹੀ ਪਾਲੋ ਕਾਮਿਦਾ ਕਮਲਾ ਨਿਧੀ॥੧੦੩॥
- ਵ੍ਰਿਦਾ ਨੰਦੋ, ਯੋਗ ਯਗੋ, ਝੰਡੇਸੋ ਰੁਚਰੋ ਵਿਭੋ॥
ਚੋਣੀ ਪਤੋ, ਚੋਣੀ ਨਾਥੋ, ਸੱਤ ਭਾਖੇ ਪ੍ਰਿਯੰਕਰਾ॥੧੦੪॥
- ਅਕਸੋ, ਭ੍ਰੂ ਸੁਰੋ ਭਾਸੋ, ਕਵਲ ਨੈਨੋ ਪੂਜਕਾ॥
ਮਹਾਂ ਧਨੋ, ਮਹਾਂ ਵੀਰੋ, ਪ੍ਰੇਮਦਾ ਪ੍ਰੇਮ ਕਾਰਨਾ॥੧੦੫॥

- ਮੱਤ ਗੋਸਟੀ, ਨਿਰਾਭਾਸੇ ਭਾਰਨਾਸਮ ਦੱਖਯਾ॥
ਅਸਮੇਧਵਾ, ਜਪੇ ਯੋਗੇ, ਮੇਧੋਨਰ ਮੇਧਵਾਨ॥੧੦੬॥
- ਸਾਲਸੇ ਰਾਇ ਥਾਪੀ ਚ ਭ੍ਰਾਮਕੋਸਟਾ ਸਤੇ ਹਰੀ॥
ਸੁਪ੍ਰਸਾਦਾ ਪ੍ਰਸੰਨਾਤਮਤਾ ਪਰੌਂਗਯੋ ਸਜਨਾਰ ਹਾਂ॥੧੦੭॥
- ਅਤਿ ਮੰਤ੍ਰੀ ਅਨਿੰਦਾ 'ਚ ਕੋਵਿਦੋਸੁਕੁਸ ਕੁਲੀ॥
ਪ੍ਰਧਾਨੋ ਸਵਾਣ ਭੂਤਾ, ਬਿਧਾਤਾ ਧਾਤ ਉਤਮਾ॥੧੦੮॥
- ਸੰਭਵੋ ਭਾਵਨੋ ਭ੍ਰਾਤਾ ਮਧੁਰਬੈਨ ਸੁ ਪੂਜਕਾ॥
ਅਗ੍ਰਾਹੀਯੋ ਕ੍ਰਿੰਤਗਿਯਾ ਚ ਵਿਸਮਨਾ ਵਿਨਿਮੁੱਤਾ॥੧੦੯॥
- ਸੁਰੇਸਾ ਸਰਣੰ ਸ੍ਰਮਵਿੱਸਰੇ ਪ੍ਰਜਾ ਭਵਾ॥
ਬਹੁ ਸਿਰਾ, ਬਹੁ ਨੈਨਾ, ਨਾ ਨੈਨੋ ਨ ਕੋ ਸਿਰਾ॥੧੧੦॥
- ਲੋਕਧਿਖਆ, ਸੁਰਾਧਿਖਯੋ, ਧ੍ਰਮਾਧਿਖਆ ਕ੍ਰਿਤਾ ਹਰੀ॥
ਸੁਤਪਾ, ਮਹੀ ਭਰਤਾ, ਸ੍ਰੀ ਨਿਵਾਸਾ, ਸਤਾਂ ਗਤੀ॥੧੧੧॥
- ਰਿਧਾਂ ਸਪਸਟਾਂਖਰੋ ਅਦ੍ਰਿਸਯੋ ਚਉਦਾ ਰਿਧੀ॥
ਸੁ ਦਰਸਨੋ ਵਿਸੁੱਤਾਰਾ ਮਹਾਂਕੋਸੋ ਸੁਭੇਖਣਾ॥੧੧੨॥
- ਪਰੇ ਕੋ ਪਰੋਪਕਾਰੀ ਚ ਪ੍ਰਭੁਵਾ ਪ੍ਰਸੰਨਾਨਨਾ॥
ਯੋਗਾਦ੍ਵਾਸੇ ਪੰਚਯਗੋ ਅਜੇਉ ਗਿਆਨ ਸਾਗਰਾ॥੧੧੩।
- ਲੋਕ ਵੰਧੁ, ਲੋਕ ਪੂਜੇ, ਲੋਕ ਸੁਵਾਮੀ ਤ੍ਰਿਲੋਕਮਾਨ॥
ਨਿਸਪ੍ਰੇਹੀ ਸਪ੍ਰੇਹਾ ਚ ਚਿਰਾ ਰਚੁਤੋ ਸੁਰਾਰਿਹਾ॥੧੧੪॥
- ਸਾਂਤਕੀ ਰਾਜਸੀ ਰੂਪਾ ਤਮਸਾਰੀ ਸਲੋਚਨਾਂ॥
ਪ੍ਰਾਗ ਵੇਸੇ, ਪ੍ਰਾਗ ਦਾਤਾ, ਪ੍ਰਾਗ ਪ੍ਰਿਯੋਗ ਕਰਾ॥੧੧੫॥
- ਅਭੀਸਟੋ ਅਭੀਸਟ ਦਾਤਾਂ ਮਨੋਹਰਾਂਬਜਾ ਮੁਖੀ॥
ਗੁਣਾ ਸ੍ਰਿਯੋ ਗੁਣਾ ਨਾਥੋ ਸੁਰ ਜੇਸਟੀ ਸੁਰਾ ਪਤੀ॥੧੧੬॥
- ਮੁਦਾਸਯਾਮ੍ਰਿਤ ਮਯੋ ਸ੍ਰਬਾਂਗੋ, ਸ੍ਰਬ ਲੋਚਨਾਂ॥
ਦੱਖਯ ਜੀਤੋ, ਮਹਾਂ ਦਖਯੋ ਧਾਰਕੋਚ ਪਿਤਾਮ ਹਾਂ॥੧੧੭॥
- ਸੁਵਸਤੋ ਸੁਵਸਤਕਾਰੀ ਸੁਵੀਰੋ ਰੁਚ ਰੰਗਦਾ॥
ਵਿਲਾਸੀ ਵਿਲਾਸ ਦਾਤਾ ਕਮਨੀਯੋ ਤਪੋਮਈ॥੧੧੮॥
- ਮਹਾਂ ਮਨਾ, ਮਹਾਂ ਧਨਾ, ਗੋ ਗੋ ਪਰਾ ਪਰਮਾਂਗਤੀ॥
ਸਦਾ ਯੋਗੀ, ਹਰਾ ਭੋਗੀ, ਸਦਾ ਗਿਆਨ ਵੈਰਾਗ ਦਾ॥੧੧੯॥
- ਬਿਆਸੋ ਵਿਆਸਨੋ ਭੂਤਾਂ ਬੇਦ ਸਾਰੇ ਕਲੇ ਸੁਹਾਂ॥
ਨਿਰਾਲਸੋ ਪਾਪ ਹਾਰੀ, ਅਨੁਰੁਧੋ, ਅਜੇਸ੍ਰਰਾ॥੧੨੦॥

- ਸ੍ਰਬ ਸਿਧੀ, ਸ੍ਰਬ ਬ੍ਰਿਧਿ, ਬ੍ਰਿਧਾਨੋ ਬ੍ਰਿਧਾਨਨਾ।
ਜਾਪ ਕੇਤੇ, ਮਹਾਂ ਤਾਪੀ ਸੁਬ੍ਰਿਤੋਬ ਬ੍ਰਿਤਾ ਧਰਾ॥੧੨੧॥
- ਪ੍ਰਸਸਤੋ ਧਰਾਸੀਲ ਔਖਦੋ ਜਗਸੇਤਕਾ।
ਵਿਸ੍ਰ ਚਖੁ ਵਿਸ੍ਰ ਬਾਹੂ ਵਿਸਕੇਤ ਵਿਸ੍ਰਾਪਤੀ॥੧੨੨॥
- ਧਾਮ ਗੋਪੀ ਧ੍ਰਮ ਧਾਮੀ, ਸੁਖੇਣਾ ਚ ਚਿੰਤਾਮਣੀ।
ਸੁਮਿਤ੍ਰੋ ਅਮਿੱਤ੍ਰਨਾਸੇ, ਭਗਾਨੰਦ ਮਹਾਂ ਅਲੇ॥੧੨੩॥
- ਬ੍ਰਹਮਗਯੋ ਸੁ ਬ੍ਰਹਮਾਚ ਪ੍ਰੰਨ ਕੀਰਤੀ ਲਾਸਜਾ।
ਵਿੱਸਤੈਜਸਾ ਬਯਾਧੀ ਪ੍ਰਾਗਯੋ ਚਤੁਰੀਯਕਾ॥੧੨੪॥
- ਤ੍ਰਿਪੁਰੋ ਜਾਤਿ ਤ੍ਰਿਪਰੋ ਨੰਦਾ ਖਿਤੀਸਾ ਪਾਪ ਨਾਸਨਾ।
ਭਰਨੋ, ਹਰਨੋ, ਪ੍ਰਜੋ, ਜਗਤੇਸੋ, ਨਮੋ ਨਮਾਂ॥੧੨੫॥

ਸਹੰਸ੍ਰ ਨਾਮਾਂ ਸਮਾਪਤ

*******************************

ਨੋਟ- ਪੁਰਾਤਨ ਲਿਖਤ ਸ੍ਰੀ ਚੰਦ ਪ੍ਰਕਾਸ਼ ਦੇ ਸਫਾ ੫੫੫ ਤੋਂ ਸ਼ੁਰੂ ਕੀਤੇ ਮੁਤਾਬਕ ਉਕਤ "ਸਹੰਸ੍ਰ ਨਾਮਾਂ" ਆਪਣੀ ਅਖੀਰ ਦੀ ਉਮਰ ਵੇਲੇ ਸੰਮਤ ੧੭੦੦ ਪੋਹ ਦੇ ਮਹੀਨੇ ਵਿਚ ਬਾਬਾ ਸ੍ਰੀ ਚੰਦ ਸਾਹਿਬ ਨੇ ਬਾਬਾ ਮੇਹਰ ਚੰਦ ਜੀ ਨੂੰ ਪਰਮ ਅਧਿਕਾਰੀ ਜਾਣ ਕੇ ਪ੍ਰਦਾਨ ਕੀਤਾ।

ਇਹ ਸਹੰਸ੍ਰਨਾਮਾਂ ਦੇ ਕੇ ਆਖਿਆ - ਗੁਰੂ ਪਿਤਾ ਅਨਾਮੀ ਸਨ। ਫਿਰ ਵੀ ਇਤਨੇ ਨਾਮਾਂ ਨਾਲ ਯਾਦ ਕੀਤਾ ਹੈ। ਉਹ ਸਰੀਰ ਧਾਰ ਕੇ ਜੋ ਆਏ ਸਨ। ਤੁਸੀ ਉਨ੍ਹਾਂ ਦੀ ਅੰਸ ਬੰਸ ਹੋ! "ਸ੍ਰੀ ਆਰਤਾ" ਅਤੇ "ਸਹੰਸ੍ਰਨਾਮਾ" ਪੜ੍ਹਨਾ। ਮੇਰੀ ਅੱਖਾਂ ਨਾਲ ਵੇਖਣਾ। ਮੇਰੀ ਬੁੱਧ ਨਾਲ ਸਮਝਣਾ, ਅਤੇ ਉਨ੍ਹਾਂ ਦੀ ਤਰ੍ਹਾਂ ਹੀ ਸਤਿਨਾਮੁ ਜਪਣ ਜਪਾਣ ਦਾ ਪੁਰਸਾਰਥ ਕਰਦੇ ਰਹਿਣਾ।

ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪੋਤ੍ਰੇ ਸਮਾਨ ਸ੍ਰੀ ਮੇਹਰ ਚੰਦ ਜੀ ਨੂੰ ਫੇਰ ਤਾਕੀਦ ਕਰਦੇ ਹੋਇਆਂ ਦਸਿਆ-ਕਿ ਕਲਜੁਗ ਦਾ ਭਿਆਨਕ ਸਮਾ ਹੈ। ਹੋਰ ਕੋਈ ਮੰਨੇ ਨਾ ਮੰਨੇ -ਪਰ ਤੁਸੀ ਮੇਰੇ ਪਿਤਾ ਦੀ ਅੰਸ ਵੰਸ਼ ਅਤੇ ਮੈਨੂੰ ਮੰਨਣ ਵਾਲੇ ਮੇਰੇ ਸੰਤ ਪਿਆਰੇ-ਜੇ ਹਨ। ਸਤਿਗੁਰੂ ਨਾਨਕ ਜੀ ਨੂੰ ਸਦਾ "ਅਬਨਾਸੀ ਪਾਰਬ੍ਰਹਮ" ਦਾ ਰੂਪ ਅਤੇ ਸੱਚਾ "ਗੁਰ ਅਵਤਾਰ" ਜਾਣਨਾ ਹੈ। ਇਹ ਮੇਰਾ ਹੀ ਕਹਿਣਾ ਨਹੀ ਬਲਕਿ "ਭਵਿਖਤ ਪੁਰਾਣ ਅਤੇ ਸਕੰਦ ਪੁਰਾਣ" ਵਿਚ ਵੀ ਪੜ੍ਹਿਆ ਹੈ। ਜੋ ਹਜ਼ਾਰਾਂ ਸਾਲ ਪਹਿਲੇ ਦਾ ਦਿੱਬ ਦ੍ਰਿਸ਼ਟੀ ਵਾਲੇ ਰਿਸ਼ੀਆਂ ਨੇ ਨਿਸ਼ਚੇ ਕੀਤਾ ਤੇ ਲਿਖਿਆ ਸੀ। ਇਸੇ ਤਰ੍ਹਾਂ ਹੋਰ ਵੀ ਬਹੁਤ ਕੁਝ ਸਮਝਾਇਆ।

ਸ੍ਰੀ ਬਾਬਾ ਜੀ ਨੇ ਬੜੇ ਪਿਆਰ ਨਾਲ ਅਖੀਰ ਨੂੰ ਇਹ ਆਖਿਆ-ਕਿ ਭਾਈ [illegible] (ਸ੍ਰੀ ਮਾਣਕ ਚੰਦ ਤੇ ਮੇਹਰ ਚੰਦ) ਹੁਣ ਸਿਆਣੇ ਤੇ ਘਰ ਸੰਭਾਲਣ ਜੋਗੇ ਹੋ ਚੁੱਕੇ ਹੋ। ਜਿਸ ਤੇ ਸਾਡੀ ਵਲੋਂ ਆਪਣੇ ਪਿਤਾ ਧਰਮ ਚੰਦ ਨੂੰ ਸਤਿ ਕਰਤਾਰ ਬੁਲਾਣਾ ਤੇ ਆਖਣਾ ਕਿ ਉਹ ਹੁਣ ਤੁਸਾਡੇ ਮੋਹ ਪਿਆਰ ਵੀ ਉਥੇ ਉਠ ਕੇ ਆਪਣੇ ਦਾਦਾ (ਗੁਰੂ ਨਾਨਕ ਸਾਹਿਬ) ਜੀ ਦੇ ਜਨਮ ਅਸਥਾਨ (ਸ੍ਰੀ ਨਨਕਾਣਾ ਸਾਹਿਬ) ਦੀ ਸੇਵਾ ਸੰਭਾਲਣ ਨੂੰ ਚਲੇ ਜਾਣ. ਅਤੇ ਤੁਸੀ ਦੋਵੇਂ ਭ੍ਰਾਤਾ ਇਥੇ ਹੀ ਸ੍ਰੀ ਕਰਤਾਰਪੁਰ ਧਰਮਸਾਲ ਅਤੇ ਡੇਹਰਾ ਸਾਹਿਬ ਜੀ ਦੀ ਸੇਵਾ ਨੂੰ ਨਿਭਾਉਣਾ ਹੈ। ਇਉਂ ਪੰਧ ਨਸੀਹਤਾਂ ਦੇ ਕੇ ਬਾਬਾ ਸ੍ਰੀ ਚੰਦ ਨੇ ਬਾਬਾ ਮੇਹਰ ਚੰਦ ਜੀ ਨੂੰ ਆਪਣੇ ਘਰ ਨੂੰ ਤੋਰ ਦਿਤਾ।

ਬਾਬਾ ਮੇਹਰਚੰਦ ਜੀ ਦੇ ਚਲੇ ਜਾਣ ਪਿਛੋਂ ਥੋੜ੍ਹੇ ਦਿਨ ਹੋਰ ਬਿਤਾ ਕੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਬਾਲ ਸਖਾਈ ਮਿਤ੍ਰ (ਸੇਵਕ ਸ੍ਰੀ ਕਮਲੀਆ) ਜੀ ਨੂੰ ਵੀ ਬੇਅੰਤ ਅਸੀਸਾਂ ਦਿਤੀਆਂ। ਘੁਟ ਕੇ ਛਾਤੀ ਨਾਲ ਲਾਇਆ ਅਤੇ ਆਖਿਆ-ਤੁਸੀ ਮੇਰੀ ਬਹੁਤ ਸੇਵਾ ਕੀਤੀ ਹੈ। ਤੁਸੀ ਮੇਰੇ 'ਬਲ ਭੱਦ੍ਰ' ਰਹੇ। ਸਰੀਰਧਾਰੀ ਕ੍ਰਿਸ਼ਨ ਭਗਵਾਨ ਅਤੇ ਉਨ੍ਹਾਂ ਦੇ ਭ੍ਰਾਤਾ ਬਲ ਭੱਦ੍ਰ ਵੀ ਵਿਛੜੇ ਸਨ, ਪਰ ਮਨ ਤੇ ਆਤਮਾ ਇਕ ਰਹੀ। ਤਿਵੇਂ ਮੇਰਾ ਤੇ ਤੁਸਾਡਾ ਸਰੀਰ ਕਰ ਕੇਸ ਸੰਜੋਗ ਮੁੱਕ ਰਿਹਾ ਹੈ ਅਤੇ ਵਿਜੋਗ ਦੀ ਕਾਰ ਵਰਤਨੀ ਹੈ। ਪਰ ਮਨ ਤੇ ਆਤਮਾ ਇਕ ਰਹੇਗੀ। ਕੇਵਲ ਸਰੀਰਾਂ ਦਾ ਵਿਛੋੜਾ ਹੈ। ਕਿਉਂਕਿ ਜਿਸ ਪੰਧ੍ਹ ਅਸੀਂ ਹੁਣ ਪੈਣਾ ਹੈ। ਉਸ ਵਿਚ ਇਕੱਲੇ ਹੀ ਜਾਣਾ ਹੈ।

ਸ੍ਰੀ ਬਾਬਾ ਜੀ ਨੇ ਇਕ ਸੁਨੇਹਾ ਆਪਣੀ ਸੰਪ੍ਰਦਾਏ ਵਲ ਵੀ ਦਿਤਾ, ਆਖਿਆ-ਸਾਡੇ ਪਿਤਾ ਸਤਿਗੁਰੂ ਜੀ ਗ੍ਰਹਿਸਥੀ ਸਨ। ਜੇ ਅਸੀ ਵੀ ਗ੍ਰਹਿਸਥੀ ਹੁੰਦੇ ਤਾਂ ਉਹ ਵੀ ਅਯੋਗ ਨਹੀ ਸੀ। ਪਰ ਮਾਨਸਿਕ ਰੁਚੀਆਂ ਹੀ ਤਿਆਗ ਵਲ ਵਧੇਰੇ ਸਨ। ਗ੍ਰਹਿਸਥ ਦੇ ਸੁਖ ਦੁਖ ਵਿਚ ਫਸੇ ਬਿਨਾਂ ਹੀ ਨਾਮ ਰਸ ਪੀਣ ਦੀ ਸ਼ੁਰੂ ਥੀਂ ਸ਼ੌਕ ਵਧ ਗਈ ਸੀ। ਜਿਸ ਤੇ ਨਿਰ-ਸੰਕਲਪ ਹੋ ਕੇ ਇਸ ਰਾਹੇ ਪਿਆ ਸੀ। ਇਹ ਰਸ! ਗ੍ਰਹਿਸਥੀ ਕਪੜਿਆਂ ਵਿਚ ਰਹਿ ਕੇ ਇਕਾਂਤ ਬੈਠ ਕੇ ਵੀ ਲਿਆ ਜਾ ਸਕਦਾ ਸੀ। ਪਰ ਕਈ ਲੋਕ ਜੋ ਸਾਡੀ ਤਰ੍ਹਾਂ ਦੇ ਬਚਪਨ ਤੋਂ ਵੈਰਾਗੀ ਤਿਆਗੀ ਹੋ ਚੁਕੇ ਜਾਂ ਕੇਵਲ ਸੁਖ ਨੂੰ ਲੋਚਦੇ ਦੇਖਾ ਦੇਖੀ ਦੇਖੀ ਭੇਖਧਾਰੀ ਹੋ ਜਾਂਦੇ ਹਨ। ਉਹ ਤਿਆਗ ਦੀ ਅਸਲੀਅਤ ਨੂੰ ਨਾ ਜਾਣਦੇ ਹੋਏ "ਨਾ ਘਰ ਕੇ ਨਾ ਘਾਟ ਕੇ" ਰਹਿੰਦੇ ਹਨ। ਇਨ੍ਹਾਂ ਦੇ ਸੁਧਾਰ ਨੂੰ ਸਨਮੁਖ ਰਖ ਕੇ ਵੀ ਅਸੀ ਭੇਖ ਧਾਰਨ ਕੀਤਾ ਸੀ। ਸਾਡੀ ਵਿਚਾਰ ਹੈ ਕਿ "ਸਾਧੂ ਸਮਾਜ ਦੇ ਸੁਧਾਰ" ਨਾਲ ਹੀ ਦੇਸ਼ ਦੇ ਆਚਰਣ ਦਾ ਛੇਤੀ ਸੁਧਾਰ ਹੋ ਸਕਦਾ ਹੈ ਕਿ ਜਿਥੇ ਕਈ ਤਰ੍ਹਾਂ ਦੇ ਸੰਸਾਰਕ ਵਿਕਲਪ ਵਿਚ ਬੱਧਾ ਕੋਈ ਧਨੀ ਪੁਰਸ਼ ਨਹੀਂ ਜਾ ਸਕਦਾ, ਉਥੇ ਨਿਰ-ਸੰਕਲਪ ਤੇ ਨਿਰ-ਇੱਛਤ ਸਾਧੂ ਹੀ ਪਹੁੰਚ ਕੇ ਲੋਕਾਂ ਨੂੰ ਦੇਸ਼ ਸੇਵਾ ਅਤੇ ਪ੍ਰਮੇਸ਼ੁਰ ਪਿਆਰ ਵਲ ਲਾ ਸਕਦੇ ਹਨ। ਤਾਂਤੇ ਮੇਰੇ ਨਾਲ ਪਿਆਰ ਰੱਖਣ ਵਾਲੇ ਮੇਰੇ ਜਿਹੇ ਹੋ ਚੁਕਿਆਂ ਤਾਈਂ ਵੀ ਮੇਰਾ ਸੰਦੇਸ਼ ਦੇਣਾ ਹੈ।



[illegible] ਦੇਸ਼, ਧਰਮ, ਸੇਵਾ ਕਰਨੀ ਅਤੇ ਨਾਮ [illegible] ਦਾ ਸਬੂਤ ਦੇਣਾ ਹੈ।

ਇਸ ਤਰ੍ਹਾਂ ਸਿਖਿਆ ਸਮਝਾ ਕੇ ਭਾਈ ਕਮਲੀਆ ਜੀ ਨੂੰ ਗੁਰੂ-ਪਿਤਾ ਜੀ ਦੇ ਦੇਹੁਰੇ ਨਿਕਟ ਜਾ ਰਹਿਣ ਲਈ ਆਖਿਆ। ਇਹ ਵਿਛੜਨਾ ਨਹੀਂ ਚਾਹੁੰਦੇ ਸਨ। ਪਰ ਸਦਾ ਤੋਂ ਆਗਿਆਕਾਰੀ ਸਨ। ਸ੍ਰੀ ਬਾਬਾ ਜੀ ਦੇ ਚਰਨਾਂ ਉਤੇ ਸੀਸ ਧਰ ਕੇ [illegible] ਤੇ ਅਸੀਸਾਂ ਪਾ ਕੇ ਨਿਮੋਝੂਣੇ ਮਨ ਸ੍ਰੀ ਕਰਤਾਰਪੁਰ ਨੂੰ ਆਏ। ਇਥੇ ਸਾਰੀ [illegible] ਪਿਛੋਂ ਫਿਰ ਦੇਹੁਰੇ ਦੀ ਸੇਵਾ ਸੰਭਾਲ ਵਿਚ (ਜਿਸ ਨੂੰ ਹੁਣ ਡੇਹਰਾ ਬਾਬਾ ਨਾਨਕ ਹੈ) ਅਖੀਰ ਸਵਾਸਾਂ ਤੀਕ ਰਹੇ।

## ਬਾਬਾ ਸ੍ਰੀ ਚੰਦ ਜੀ ਸਦਾ ਲਈ ਲੋਪ ਹੋ ਗਏ

ਜਿਸ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਉਮਰ ਦੇ ਸਾਥੀ (ਬਾਲ ਸਖਾਈ) ਭਾਈ ਕਮਲੀਆ ਜੀ ਨੂੰ ਇਥੋਂ ਗੁਰੂ ਨਾਨਕ ਪਿਤਾ ਜੀ ਦੇ ਦੇਹੁਰੇ ਨੂੰ ਭੇਜਿਆ ਸੀ। ਉਹ ਆਪ ਹੀ ਹੁਣ ਆਪਣੇ ਸੱਚ ਦੇ ਦੇਸ ਵਿਚ ਅਪੜਨ ਦੀਆਂ ਤਿਆਰੀਆਂ ਕਰ ਰਹੇ ਸਨ। ਜਿਸ ਬਾਬਾ ਸ੍ਰੀ ਚੰਦ ਜੀ ਨੂੰ (ਜਦੋਂ ਇਹ ੭ ਸਾਲਾ ਦੇ ਸਨ) ਆਪਣੇ ਗੁਰੂ ਨਾਨਕ ਪਿਤਾ ਨੇ "ਸਤਿਨਾਮੁ" ਮੰਤ੍ਰ ਸੁਣਾਇਆ ਅਤੇ ਪਿਆਰ ਨਾਲ ਫੁਰਮਾਇਆ ਸੀ-ਐਹ-ਬੇਟਾ ਸ੍ਰੀ ਚੰਦ!

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਇਉਂ ਸੁਣ ਕੇ ਬਾਬਾ ਸ੍ਰੀ ਚੰਦ ਜੀ ਨੇ ਜਿਸ (ਈਸੁਰ) ਦੇ ਨਾਮ ਨੂੰ ਲੱਖ ਲੱਖ ਗੇੜੇ ਨਾਲ ਨਹੀਂ ਸਗੋਂ ਕਰੋੜਾਂ ਦੇ ਗੇੜੇ ਨਾਲ ਹੁਣ ਤੀਕ ਜਪਿਆ ਜਪਾਇਆ ਸੀ, ਉਹ ਪਰਮ ਜਗਦੀਸ਼ ਵੀ ਇਨ੍ਹਾਂ ਦੀ ਪਵਿਤ੍ਰ ਆਤਮਾਂ ਨੂੰ ਸਦਾ ਲਈ ਆਪਣੇ ਵਿਚ ਅਭੇਦ ਕਰਨ ਨੂੰ ਉਤਾਵਲਾ ਸੀ। ਬਾਬਾ ਸ੍ਰੀ ਚੰਦ ਜੀ ਨੇ ਮਹਿਸੂਸ ਕੀਤਾ ਕਿ ਇਸ ਪੰਜ ਭੌਤਕ ਸਰੀਰ ਨੂੰ ਹੋਰ ਵਧੇਰੇ ਤੁਰਦਾ ਫਿਰਦਾ ਰਖ ਵਿਖਾਣ ਦਾ ਹੁਣ ਹੁਕਮ ਨਹੀਂ ਹੈ। ਪਰ ਕਿਸੇ ਨੂੰ ਦਸਿਆ ਨਹੀਂ ਸੀ ਕਿ ਕਿਹੜੇ ਵੇਲੇ ਅਸੀ ਸਦਾ ਲਈ ਲੋਕਾਂ ਦੀ ਨਜ਼ਰ ਤੋਂ ਉਹਲੇ ਹੋ ਜਾਣਾ ਹੈ।

ਇਥੇ - ਚੰਬੇ ਵਿਚ ਜਿਸ ਬ੍ਰਾਹਮਣ ਸਿਸ਼ ਦੇ ਘਰ ਆਪ ਦਾ ਡੇਰਾ ਸੀ-ਕਮਲੀਆ ਜੀ ਦੇ ਚਲੇ ਜਾਣ ਪਿਛੋਂ ਆਪ ਜੀ ਪੰਜ ਦਿਨ ਹੋਰ ਇਥੇ ਵਸੇ। ਰਾਜਾ ਚੰਬਾ ਅਤੇ ਨਗਰ ਵਾਸੀਆਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ। ਅਖੀਰ ਦੇ ਦਿਨ ਸਵੇਰੇ ਹੀ ਸਾਰਿਆਂ ਨੂੰ ਬੁਲਾ ਕੇ ਆਪਣੇ ਚਲੇ ਜਾਣ ਦਾ ਸੰਕਲਪ ਦਸਿਆ ਤੇ ਆਖਿਆ-ਅਖੀਰ ਦੇ ਦਰਸ਼ਨ ਮੇਲੇ. ਹਨ। ਇਉਂ ਆਖਦਿਆਂ ਹੋਇਆਂ "ਸਤਿ ਕਰਤਾਰ" ਸੁਣਾਇਆ ਤੇ ਜੰਗਲ ਵਲ ਨੂੰ ਚਾਲੇ ਪਾ ਦਿਤੇ। ਲੋਕਾਂ ਨੇ ਜਾਣਿਆਂ ਕਿ ਅਗੇ ਕਿਸੇ ਪਹਾੜੀ ਮੁਕਾਮ ਤੇ ਜਾ ਰਹੇ ਹਨ। ਹੁਣ ਉਧਰ ਹੀ ਵੱਸਣ ਦਾ ਖਿਆਲ ਹੈ, ਤਦੇ ਐਸਾ ਕਿਹਾ ਨੇ। ਜਿਸ ਤੇ ਵਿਦਾ ਕਰਨ